**ਜਮਾਤ ਗਿਆਰਵੀਂ ਵਿਸ਼ਾ ਇਤਿਹਾਸ**

**ਅਧਿਐਨ ਸਮੱਗਰੀ (2024-25)**

**ਤਿਆਰ ਕਰਤਾ:**



| | |
|---|---|
| **ਸ: ਕਰਨੈਲ ਸਿੰਘ ਨਿਰਮਾਣ,<br>ਲੈਕਚਰਾਰ ਇਤਿਹਾਸ<br>ਸ.ਸ.ਸ.ਸ.ਫਤਿਹਗੜ ਛੰਨਾ<br>(ਪਟਿਆਲਾ)** | **ਸ੍ਰੀ ਅਮਨੀਸ਼ ਕੁਮਾਰ,<br>ਲੈਕਚਰਾਰ ਇਤਿਹਾਸ ,<br>ਐਸਓਈ ਛਾਜਲੀ<br>(ਸੰਗਰੂਰ)** |
| **ਸ੍ਰੀ ਰਜਿੰਦਰ ਕੁਮਾਰ,<br>ਲੈਕਚਰਾਰ ਇਤਿਹਾਸ<br>ਸ.ਸ.ਸ.ਸ. ਬਾਦਸ਼ਾਹਪੁਰ ਕਾਲੇਕੀ (ਪਟਿਆਲਾ)** | **ਸ: ਰਸ਼ਪਾਲ ਸਿੰਘ,<br>ਲੈਕਚਰਾਰ ਇਤਿਹਾਸ,<br>ਪੀਐਮ ਸ੍ਰੀ ਮਲਟੀਪਰਪਜ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ** |



## PAPER PATTERN ( FOR 2024-25)

(i) ਪ੍ਰਸ਼ਨ ਪੱਤਰ ਛੇ ਭਾਗਾਂ ਵਿੱਚ ੳ, ਅ, ੲ, ਸ, ਹ ਅਤੇ ਕ ਵਿੱਚ ਵੰਡਿਆ ਹੋਵੇਗਾ।

(ii) ਭਾਗ ੳ ਪ੍ਰਸ਼ਨ ਨੰਬਰ 01 ਵਿੱਚ ਦਸ ਬਹੁ ਪ੍ਰਸ਼ਨ-ਵਿਕਲਪੀ ਉਪ-ਹੋਣਗੇ। ਹਰ ਇੱਕ ਉਪ ਪ੍ਰਸ਼ਨ ਇੱਕ ਅੰਕ ਦਾ-ਹੋਵੇਗਾ।

(iii) ਭਾਗ ਅ ਪ੍ਰਸ਼ਨ ਨੰਬਰ 02 ਵਿੱਚ 05 ਉਪ ਪ੍ਰਸ਼ਨ-ਹੋਣਗੇ। ਹਰੇਕ ਉਪਪ੍ਰਸ਼ਨ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ - ਦੇਣਾਹੋਵੇਗਾ। ਹਰ ਇੱਕ ਉਪ ਪ੍ਰਸ਼ਨ ਇੱਕ ਅੰਕ ਦਾ-ਹੋਵੇਗਾ।

(iv) ਭਾਗ ੲ ਪ੍ਰਸ਼ਨ ਨੰਬਰ 03 ਦੋ ਉਪ ਭਾਗਾਂ ਵਿੱਚ ਵੰਡਿਆ ਗਿਆ ਹੈ। ਉਪਭਾਗ ੳ ਵਿੱਚ ਪੰਜ ਉਪ ਪ੍ਰਸ਼ਨ ਹੋਣਗੇ, ਜਿਨ੍ਹਾਂ ਵਿੱਚੋਂ ਕਿਸੇ ਤਿੰਨ ਉਪ ਪ੍ਰਸ਼ਨਾਂ ਦਾ ਉੱਤਰ ਦੇਣਾ ਹੋਵੇਗਾ। ਉਪ ਭਾਗ ਅ ਵਿੱਚ ਵੀ ਪੰਜ ਉਪ ਪ੍ਰਸ਼ਨ ਦਿੱਤੇ ਹੋਣਗੇ,, ਜਿਨਾਂ ਵਿੱਚੋਂ ਕਿਸੇ ਤਿੰਨ ਉਪ ਪ੍ਰਸ਼ਨਾਂ ਦਾ ਉੱਤਰ ਦੇਣਾ ਹੋਵੇਗਾ। ਹਰੇਕ ਉਪ ਪ੍ਰਸ਼ਨ ਦਾ ਉੱਤਰ 30-35 ਸ਼ਬਦਾਂ ਵਿੱਚ ਹੋਵੇਗਾ। ਅਤੇ ਹਰੇਕ ਉਪਪ੍ਰਸ਼ਨ - ਤਿੰਨ ਅੰਕਾਂ ਦਾਹੋਵੇਗਾ।

(v) ਭਾਗ ਸ ਪ੍ਰਸ਼ਨ ਨੰਬਰ 04 ਦੇ ਦੋ ਉਪ ਭਾਗ ਹੋਣਗੇ । ਉਪ ਭਾਗ ਏ ਵਿੱਚ ਸਰੋਤ ਅਧਾਰਿਤ ਅਤੇ ਉਪ ਭਾਗ ਬੀ ਕੇਸ ਸਟੱਡੀ ਅਧਾਰਿਤ ਪ੍ਰਸ਼ਨ ਹੋਣਗੇ । ਹਰੇਕ ਉਪਭਾਗ ਵਿੱਚ ਛੇ ਉਪ ਪ੍ਰਸ਼ਨ ਦਿੱਤੇ ਗਏ -ਹੋਣਗੇ, ਹਰੇਕ ਉਪ ਪ੍ਰਸ਼ਨ ਇਕ ਅੰਕ ਦਾ ਹੋਵੇਗਾ।

(vi) ਭਾਗ ਹ ਪ੍ਰਸ਼ਨ ਨੰਬਰ 05 ਦੋ ਉਪਭਾਗਾਂ ਵਿੱਚ ਵੰਡਿਆ ਗਿਆ ਹੋਵੇਗਾ। । ਉਪਭਾਗ ੳ ਵਿੱਚ ਚਾਰ ਉਪ ਪ੍ਰਸ਼ਨ ਹੋਣਗੇ । ਜਿਨ੍ਹਾਂ ਵਿੱਚੋਂ ਕਿਸੇ ਦੋ ਉਪ ਪ੍ਰਸ਼ਨਾਂ ਦਾ ਉੱਤਰ ਦੇਣਾ ਹੋਵੇਗਾ। ਉਪ ਭਾਗ ਅ ਵਿੱਚ ਵੀ ਚਾਰ ਉਪ ਪ੍ਰਸ਼ਨ ਦਿੱਤੇ ਗਏ ਹੋਣਗੇ ਜਿਨ੍ਹਾਂ

ਵਿੱਚੋਂ  ਕਿਸੇ ਤਿੰਨ ਉਪ ਪ੍ਰਸ਼ਨਾਂ ਦਾ ਉੱਤਰ ਦੇਣਾ ਹੋਵੇਗਾ। ਹਰੇਕ ਉਪ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਲਿਖਣਾ ਹੈ ਅਤੇ ਹਰੇਕ ਉਪਪ੍ਰਸ਼ਨ ਪੰਜ ਅੰਕਾਂ ਦਾ- ਹੋਵੇਗਾ।

(vii)  ਭਾਗ ਕ ਪ੍ਰਸ਼ਨ ਨੰਬਰ 6 ਨਕਸ਼ੇ ਸਬੰਧੀ ਹੋਵੇਗਾ। । ਇਸ ਭਾਗ ਵਿੱਚ ਨਕਸ਼ੇ ਸਬੰਧੀ ਦੋ ਪ੍ਰਸ਼ਨ ਦਿੱਤੇ ਗਏ ਹੋਣਗੇ, ਜਿਨ੍ਹਾਂ ਵਿੱਚੋਂ ਕੋਈ ਇੱਕ ਹੱਲ ਕਰਨਾ ਹੋਵੇਗਾ , ਪੰਜ ਅੰਕ ਆਲੇ-ਦੁਆਲੇ ਜਿਵੇਂ ਕਿ ਨੇਪਾਲ,ਭੂਟਾਨ, ਹਿੰਦ ਮਹਾਂ ਸਾਗਰ,ਬੰਗਾਲ ਦੀ ਖਾੜੀ ਆਦਿ ਭਰਨ ਦੇ, ਪੰਜ ਅੰਕ ਪੰਜ ਪੁੱਛੇ ਗਏ ਸਥਾਨ ਦਰਸਾਉਣ ਦੇ ਅਤੇ ਪੰਜ ਅੰਕ ਦਰਸਾਏ ਗਏ ਸਥਾਨਾਂ ਦੀ ਵਿਆਖਿਆ ਕਰਨ ਦੇ ਹੋਣਗੇ। ਦਰਸਾਏ ਗਏ ਹਰੇਕ ਸਥਾਨ ਦੀ ਵਿਆਖਿਆ 20-25 ਸ਼ਬਦਾਂ ਵਿੱਚ ਕਰਨੀ ਹੋਵੇਗੀ।

**ਸ਼ਰੋਤ ਅਧਾਰਿਤ ਪ੍ਰਸ਼ਨ:**

1. ਅਸ਼ੋਕ ਨੇ ਸਾਮਰਾਜ ਦੇ ਵੱਖ- ਵੱਖ ਹਿੱਸਿਆਂ ਵਿੱਚ ਅਤੇ ਖ਼ਾਸ ਤੌਰ ਤੇ ਟੈਕਸਿਲਾ, ਸ਼੍ਰੀਨਗਰ, ਥਾਨੇਸ਼ਵਰ, ਮਥੁਰਾ, ਅਯੁਧਿਆ, ਪ੍ਰਯਾਗ, ਕੌਸ਼ਾਂਭੀ, ਕਪਿਲਵਸਤੂ, ਬਨਾਰਸ, ਵੈਸ਼ਾਲੀ, ਗਯਾ ਆਦਿ ਨਗਰਾਂ ਵਿੱਚ ਸਤੂਪਾਂ ਦੀ ਉਸਾਰੀ ਕਰਵਾਈ। ਇਨ੍ਹਾਂ ਵਿੱਚੋਂ ਬਹੁਤ ਸਾਰੇ ਸਤੂਪ ਬਾਅਦ ਵਿੱਚ ਨਸ਼ਟ ਹੋ ਗਏ ਅਤੇ ਅੱਜ ਕੁਝ ਹੀ ਸਤੂਪ ਜਾਂ ਉਨ੍ਹਾਂ ਦੇ ਖੰਡਰ ਰਹਿ ਗਏ ਹਨ। ਇਨ੍ਹਾਂ ਵਿੱਚੋਂ ਸਭ ਤੋਂ ਵੱਧ ਪ੍ਰਸਿੱਧ ਭੋਪਾਲ ਤੋਂ ਕੁਝ ਮੀਲ ਦੀ ਦੂਰੀ ਤੇ ਸਾਂਚੀ ਦਾ ਸਤੂਪ ਹੈ। ਇਸ ਸਤੂਪ ਦੀ ਉਚਾਈ 77.5 ਫੁੱਟ ਅਤੇ ਵਿਆਸ (diameter) 110 ਫੁੱਟ ਹੈ।ਇਸ ਦੀ ਚੋਟੀ ਤੇ ਕਿ ਪੱਥਰ ਦੀ ਛਤਰੀ ਬਣੀ ਹੋਈ ਹੈ ਅਤੇ ਇਸ ਦੇ ਦਰਵਾਜ਼ਿਆਂ ਅਤੇ ਆਸ- ਪਾਸ ਦੇ ਸਥਾਨਾਂ ਉੱਤੇ ਕਈ ਚਿੱਤਰ ਅੰਕਿਤ ਹਨ, ਜੋ ਅਸ਼ੋਕ ਦੇ ਸਮੇਂ ਦੇ ਰੀਤੀ-ਰਿਵਾਜਾਂ ਉੱਤੇ ਚਾਨਣਾ ਪਾਉਂਦੇ ਹਨ। ਸਾਂਚੀ ਦਾ ਸਤੂਪ ਪ੍ਰਾਚੀਨ ਭਾਰਤ ਦੇ ਸਭ ਤੋਂ ਪ੍ਰਭਾਵਸ਼ਾਲੀ ਇਮਾਰਤੀ ਖੰਡਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਅਸ਼ੋਕ ਦੇ ਸਮੇਂ ਦਾ ਦੂਜਾ ਪ੍ਰਸਿੱਧ ਸਤੂਪ ਭਾਰਹੁਤ ਵਿੱਚ ਪ੍ਰਾਪਤ ਹੋਇਆ ਹੈ ਜਿਸ ਦਾ ਵਿਆਸ 68 ਫੁੱਟ ਸੀ। ਇਹ ਸਤੂਪ ਹੁਣ ਬਿਲਕੁਲ ਨਸ਼ਟ ਹੋ ਚੁੱਕਿਆ ਹੈ।

(i)ਸਾਂਚੀ ਦੇ ਸਤੂਪ ਦੀ ਉਚਾਈ ਤੇ ਵਿਆਸ ਕਿੰਨਾ ਹੈ?

ਉੱਤਰ: ਸਾਂਚੀ ਦੇ ਸਤੂਪ ਦੀ ਉਚਾਈ 77.5 ਫੁੱਟ ਅਤੇ ਵਿਆਸ (diameter) 110 ਫੁੱਟ ਹੈ।

(ii) ਅਸ਼ੋਕ ਨੇ ਕਿੱਥੇ ਕਿੱਥੇ ਸਤੂਪਾਂ ਦੀ ਉਸਾਰੀ ਕਰਵਾਈ?

ਉੱਤਰ: ਅਸ਼ੋਕ ਨੇ ਸਾਮਰਾਜ ਦੇ ਵੱਖ- ਵੱਖ ਹਿੱਸਿਆਂ ਵਿੱਚ ਅਤੇ ਖ਼ਾਸ ਤੌਰ ਤੇ ਟੈਕਸਿਲਾ, ਸ਼੍ਰੀਨਗਰ, ਥਾਨੇਸ਼ਵਰ, ਮਥੁਰਾ, ਅਯੁਧਿਆ, ਪ੍ਰਯਾਗ, ਕੌਸ਼ਾਂਭੀ, ਕਪਿਲਵਸਤੂ, ਬਨਾਰਸ, ਵੈਸ਼ਾਲੀ, ਗਯਾ ਆਦਿ ਨਗਰਾਂ ਵਿੱਚ ਸਤੂਪਾਂ ਦੀ ਉਸਾਰੀ ਕਰਵਾਈ।

(iii) ਪ੍ਰਾਚੀਨ ਭਾਰਤ ਦੇ ਸਭ ਤੋਂ ਪ੍ਰਭਾਵਸ਼ਾਲੀ ਇਮਾਰਤੀ ਖੰਡਰਾਂ ਵਿੱਚੋਂ ਇੱਕ ਕਿਸਨੂੰ ਮੰਨਿਆ ਜਾਂਦਾ ਹੈ?

ਉੱਤਰ: ਸਾਂਚੀ ਦਾ ਸਤੂਪ ਪ੍ਰਾਚੀਨ ਭਾਰਤ ਦੇ ਸਭ ਤੋਂ ਪ੍ਰਭਾਵਸ਼ਾਲੀ ਇਮਾਰਤੀ ਖੰਡਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ।

(iv) ਅਸ਼ੋਕ ਦੇ ਸਮੇਂ ਦਾ ਦੂਜਾ ਪ੍ਰਸਿੱਧ ਸਤੂਪ ਕਿੱਥੋਂ ਪ੍ਰਾਪਤ ਹੋਇਆ ਹੈ?

ਉੱਤਰ: ਅਸ਼ੋਕ ਦੇ ਸਮੇਂ ਦਾ ਦੂਜਾ ਪ੍ਰਸਿੱਧ ਸਤੂਪ ਭਾਰਹੁਤ ਵਿੱਚ ਪ੍ਰਾਪਤ ਹੋਇਆ ਹੈ।

(v) ਸਾਂਚੀ ਦਾ ਸਤੂਪ ਕਿਸ ਧਰਮ ਨਾਲ ਸਬੰਧਿਤ ਹੈ?

ਉੱਤਰ: ਸਾਂਚੀ ਦਾ ਸਤੂਪ ਬੁੱਧ ਧਰਮ ਨਾਲ ਸਬੰਧਿਤ ਹੈ।

(vi)ਸਾਂਚੀ ਦਾ ਸਤੂਪ ਕਿਸ ਸਮੇਂ ਦੇ ਰੀਤੀ-ਰਿਵਾਜਾਂ ਉੱਤੇ ਚਾਨਣਾ ਪਾਉਂਦਾ ਹੈ?

ਉੱਤਰ: ਸਾਂਚੀ ਦਾ ਸਤੂਪ ਅਸ਼ੋਕ ਦੇ ਸਮੇਂ ਦੇ ਰੀਤੀ-ਰਿਵਾਜਾਂ ਉੱਤੇ ਚਾਨਣਾ ਪਾਉਂਦਾ ਹੈ।

2. ਸਲਤਨਤ ਕਾਲੀਨ ਵਪਾਰਕ ਕੇਂਦਰ ਵਿੱਚ ਪੰਜਾਬ ਦਾ ਇੱਕ ਨਗਰ ਵਿਸ਼ੇਸ਼ ਮਹੱਤਵ ਰੱਖਦਾ ਸੀ। ਇਹ ਨਗਰ ਦਾ ਨਾਮ ਹੈ ਸੁਨਾਮ। ਸੁਨਾਮ ਇੱਕ ਬਹੁਤ ਹੀ ਪੁਰਾਣਾ ਨਗਰ ਹੈ । ਪੁਰਾਣਾ ਨਗਰ ਸ਼ਾਇਦ ਇੱਕ ਪੁਰਾਣੇ ਕਿਲ੍ਹੇ ਦੀਆਂ ਦੀਵਾਰਾਂ ਦੇ ਅੰਦਰ ਬਣਿਆ ਹੋਇਆ ਸੀ । ਸਲਤਨਤ ਕਾਲ ਵਿੱਚ ਇਸ ਨੇ ਪੰਜਾਬ ਦੇ ਇਤਿਹਾਸ ਵਿੱਚ ਬੜਾ ਹਿੱਸਾ ਪਾਇਆ । ਜਦੋਂ ਕੁਤਬ - ਉਦ - ਦੀਨ ਇਸ ਨਗਰ ਵਿੱਚ ਆਇਆ ਅਤੇ ਇਸ ਨੂੰ ਊਠ ਦੀ ਕੁਹਾਨ ਨਾਲ ਮਿਲਦਾ ਜੁਲਦਾ ਵੇਖਿਆ ਤਾਂ ਉਸ ਨੇ ਇਸ ਦਾ ਨਾਂ ਸੁਨਾਮ ਰੱਖ ਦਿੱਤਾ । ਸੁਨਾਮ ਅਰਬੀ ਦਾ ਸ਼ਬਦ ਹੈ ਜਿਸ ਦਾ ਭਾਵ ਹੈ ਊਠ ਦਾ ਕੁਹਾਨ । ਸੁਲਤਾਨ ਸ਼ਮਸ - ਉਦ - ਦੀਨ ਇਲਤੁਤਮਿਸ਼ ਨੇ ਇਹ ਨਗਰ ਆਪਣੇ ਇੱਕ ਸੇਵਾਦਾਰ ਸ਼ੇਰ ਖ਼ਾਂ ਨੂੰ ਜਾਗੀਰ ਵਜੋਂ ਦੇ ਦਿੱਤਾ ।

ਆਪਣੇ ਚਾਚੇ ਦੇ ਪੁੱਤਰ ਸ਼ੇਰ ਖ਼ਾਂ ਦੀ ਮੌਤ ਉਪਰੰਤ ਗਿਆਸ - ਉਦ - ਦੀਨ ਬਲਬਨ ਨੇ ਸਮਾਣੇ ਸਮੇਤ ਇਹ ਨਗਰ ਤਿਮਰ ਖ਼ਾਂ ਦੇ ਹਵਾਲੇ ਕਰ ਦਿੱਤਾ , ਜੋ ਇਸ ਤੋਂ ਪਿਛੋਂ ਉਸ ਨੇ ਆਪਣੇ ਪੁੱਤਰ ਬੁਗਰਾ ਖ਼ਾਂ ਨੂੰ ਬਖ਼ਸ਼ ਦਿੱਤਾ । ਫ਼ੀਰੋਜ਼ਸ਼ਾਹ ਤੁਗ਼ਲਕ ਨੇ ਇੱਕ ਨਹਿਰ ਪੁਟਵਾਈ ਜਿਹੜੀ 1360 ਈ . ਵਿੱਚ ਸਰਹੰਦ ਅਤੇ ਮਨਸੂਰਪੁਰ ( ਛੀਟਾਂ ਵਾਲਾ ) ਵਿਚੋਂ ਦੀ ਲੰਘਦੀ ਹੋਈ ਇਸ ਨਗਰ ਤਕ ਪੁੱਜਦੀ ਸੀ । 1398 ਈ . ਵਿੱਚ ਤੀਮੂਰ ਨੇ ਸੁਨਾਮ ਦਾ ਕਸਬਾ ਲੁੱਟਿਆ । ਛੀਟਾਂ ਵਾਲਾ ਪਿੰਡ ਪਟਿਆਲੇ ਜਿਲੇ ਦੀ ਨਾਭਾ ਤਹਿਸ਼ੀਲ ਵਿੱਚ ਪੈਂਦਾ ਹੈ।

(i) ਸੁਨਾਮ ਕਿਸ ਭਾਸ਼ਾ ਦਾ ਸ਼ਬਦ ਹੈ?

ਉੱਤਰ: ਸੁਨਾਮ ਅਰਬੀ ਦਾ ਸ਼ਬਦ ਹੈ ਜਿਸ ਦਾ ਭਾਵ ਹੈ ਊਠ ਦਾ ਕੁਹਾਨ।

(ii) ਮਨਸੂਰਪੁਰ ਦਾ ਆਧੁਨਿਕ ਨਾਮ ਕੀ ਹੈ?

ਉੱਤਰ: ਮਨਸੂਰਪੁਰ ਦਾ ਆਧੁਨਿਕ ਨਾਮ ਛੀਟਾਂ ਵਾਲਾ ਹੈ

(iii)ਕਿਸਦੀ ਮੌਤ ਤੋਂ ਬਾਅਦ ਸੁਨਾਮ ਤਿਮਰ ਖ਼ਾਂ ਦੇ ਹਵਾਲੇ ਕੀਤਾ ਗਿਆ?

ਉੱਤਰ: ਸ਼ੇਰ ਖ਼ਾਂ ਦੀ ਮੌਤ ਤੋਂ ਬਾਅਦ ਸੁਨਾਮ ਤਿਮਰ ਖ਼ਾਂ ਦੇ ਹਵਾਲੇ ਕੀਤਾ ਗਿਆ।

(iv)ਫ਼ਿਰੋਜਸ਼ਾਹ ਤੁਗਲਕ ਨੇ ਕਿਹੜੀ ਨਹਿਰ ਪੁਟਵਾਈ ਸੀ?

ਉੱਤਰ: ਜਿਹੜੀ ਸਰਹੰਦ ਅਤੇ ਮਨਸੂਰਪੁਰ ( ਛੀਟਾਂ ਵਾਲਾ ) ਵਿਚੋਂ ਦੀ ਲੰਘਦੀ ਹੈ।

(v) ਸ਼ੇਰ ਖਾਂ ਕਿਸਦਾ ਸੇਵਾਦਾਰ ਸੀ?

ਉੱਤਰ: ਸ਼ੇਰ ਖਾਂ ਸੁਲਤਾਨ ਸ਼ਮਸ - ਉਦ - ਦੀਨ ਇਲਤੁਤਮਿਸ਼ ਦਾ ਸੇਵਾਦਾਰ ਸੀ।

(vi) ਪੁਰਾਣਾ ਨਗਰ ਕਿੱਥੇ ਬਣਿਆ ਹੋਇਆ ਸੀ?

ਉੱਤਰ: ਪੁਰਾਣਾ ਨਗਰ ਸ਼ਾਇਦ ਇੱਕ ਪੁਰਾਣੇ ਕਿਲ੍ਹੇ ਦੀਆਂ ਦੀਵਾਰਾਂ ਦੇ ਅੰਦਰ ਬਣਿਆ ਹੋਇਆ ਸੀ ।

**(B)** ਗਿਆਰਵੀਂ ਜਮਾਤ ਦੇ ਇਤਿਹਾਸ ਅਧਿਆਪਕ ਨੇ ਕਲਾਸ ਦੇ ਵਿਦਿਆਰਥੀਆਂ ਦਾ ਵੱਖ ਵੱਖ ਵਿੱਚੋਂ ਟੈਸਟ ਲਿਆ। ਗੌਰਵ ਨੂੰ ਉਸ ਸ਼ਾਸਕ ਬਾਰੇ ਲਿਖਣ ਲਈ ਕਿਹਾ ਗਿਆ ਜਿਸਨੇ ਟੰਕਾ ਤੇ ਜੀਤਲ ਨਾਮ ਦੇ ਸਿੱਕੇ ਚਲਾਏ ਸਨ। ਰਵੀ ਨੇ ਅਪਣੇ ਟੈਸਟ ਵਿੱਚ ਅਗਨੀਮਿੱਤਰ ਬਾਰੇ ਲਿਖਿਆ। ਸ਼ੈਲੀ ਨੇ ਉਨ੍ਹਾਂ ਸ਼ਾਸਕਾਂ ਬਾਰੇ ਲਿਖਿਆ ਜਿਹੜੇ ਮਾਤਰਵੰਸ਼ੀ ਸਨ। ਰਛਪਾਲ ਸਿੰਘ ਨੇ ਰਾਜਤਰੰਗਣੀ ਨਾਮਕ ਗ੍ਰੰਥ ਦਾ ਵਰਣਨ ਕੀਤਾ। ਅਕਾਸ਼ ਨੇ ਬੰਗਾਲ ਵਿੱਚ ਲਾਗੂ ਕੀਤੀ ਦੋਹਰੀ ਸ਼ਾਸਨ ਪ੍ਰਣਾਲੀ ਬਾਰੇ ਟਿੱਪਣੀ ਕੀਤੀ। ਜੋਤੀ ਨੇ ਜਲਿਆਂ ਵਾਲਾ ਬਾਗ਼ ਦੁਰਘਟਨਾ ਬਾਰੇ ਲਿਖਿਆ।

(i) ਕਲਾਇਵ ਦੀ ਚਰਚਾ ਕਿਸ ਵਿਦਿਆਰਥੀ ਨੇ ਕੀਤੀ ਹੋਵੇਗੀ?

ਉੱਤਰ: ਅਕਾਸ਼ ਨੇ।

(ii) ਇਲਤੁਤਮਿਸ ਬਾਰੇ ਕਿਸ ਨੇ ਲਿਖਿਆ ਹੋਵੇਗਾ?

ਉੱਤਰ: ਗੌਰਵ ਨੇ

(iii)ਸਾਤਵਾਹਨ ਸ਼ਾਸਕਾਂ ਬਾਰੇ ਕਿਸ ਵਿਦਿਆਰਥੀ ਨੇ ਲਿਖਿਆ ਹੈ?

ਉੱਤਰ: ਸ਼ੈਲੀ ਨੇ

(iv) ਕਲਹਣ ਦੀ ਚਰਚਾ ਕਿਸ ਨੇ ਅਪਣੇ ਟੈਸਟ ਵਿੱਚ ਕੀਤੀ ਹੋਵੇਗੀ?

ਉੱਤਰ: ਰਛਪਾਲ ਸਿੰਘ ਨੇ

(v) ਸੁੰਗ ਵੰਸ਼ ਦੇ ਸ਼ਾਸਕ ਦੀ ਚਰਚਾ ਕਿਸ ਵਿਦਿਆਰਥੀ ਨੇ ਕੀਤੀ ਹੋਵੇਗੀ?

ਉੱਤਰ: ਰਵੀ ਨੇ।

(vi) ਅਪਣੇ ਉੱਤਰ ਵਿੱਚ ਸ਼ਹੀਦ ਊਧਮ ਸਿੰਘ ਦਾ ਜ਼ਿਕਰ ਕਿਸਨੇ ਕੀਤਾ ਹੋਵੇਗਾ?

ਉੱਤਰ: ਜੋਤੀ ਨੇ।

2. : ਇਤਿਹਾਸ ਵਿਸ਼ੇ ਦੇ ਅਧਿਆਪਕ ਦੁਆਰਾ ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਵੱਖ ਵੱਖ ਸਥਾਨਾਂ ਉੱਤੇ ਭੇਜਿਆ ਗਿਆ। ਰਵੀ ਨੂੰ ਹੜੱਪਾ ਅਤੇ ਪੂਨਮ ਨੂੰ ਸੁਤਕਾਂਗੇਡੋਰ ਭੇਜਿਆ ਗਿਆ। ਸ਼ੈਲੀ ਨੂੰ ਲੋਥਲ ਤੇ ਰਛਪਾਲ ਸਿੰਘ ਨੂੰ ਰੰਗਪੁਰ ਭੇਜਿਆ ਗਿਆ। ਅਕਾਸ਼ ਨੂੰ ਬਨਾਵਾਲੀ ਤੇ ਗੁਰਦੀਪ ਸਿੰਘ ਨੂੰ ਕਾਲੀਬੰਗਾਂ ਭੇਜਿਆ ਗਿਆ। ਕਮਲ ਇੱਕਲਾ ਕੋਟਲਾ ਨਿਹੰਗ ਖਾਂ ਅਤੇ ਸੰਘੋਲ ਗਿਆ।

(i) ਕਿਹੜਾ ਵਿਦਿਆਰਥੀ ਭਾਰਤੀ ਪੰਜਾਬ ਵਿੱਚ ਹੀ ਰਿਹਾ ਹੈ?

ਉੱਤਰ:- ਕਮਲ

(ii) ਅੰਤਰਰਾਸ਼ਟਰੀ ਬਾਰਡਰ ਕਿਹੜੇ ਵਿਦਿਆਰਥੀਆਂ ਨੇ ਪਾਰ ਕੀਤਾ?

ਉੱਤਰ:- ਰਵੀ ਅਤੇ ਪੂਨਮ

(iii) ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਵਿੱਚ ਕਿਹੜਾ ਵਿਦਿਆਰਥੀ ਗਿਆ ਹੈ?

ਉੱਤਰ:- ਪੂਨਮ

(iv) ਕਿਹੜੇ ਦੋ ਵਿਦਿਆਰਥੀ ਗੁਜਰਾਤ ਵਿੱਚ ਗਏ ਹਨ?

ਉੱਤਰ:- ਸ਼ੈਲੀ ਅਤੇ ਰਛਪਾਲ ਸਿੰਘ

(v) ਰਾਜਸਥਾਨ ਸੂਬੇ ਵਿੱਚ ਕਿਹੜਾ ਵਿਦਿਆਰਥੀ ਗਿਆ ਹੈ?

ਉੱਤਰ:- ਗੁਰਦੀਪ ਸਿੰਘ

(vi)ਹਰਿਆਣਾ ਸੂਬੇ ਵਿੱਚ ਕਿਹੜਾ ਵਿਦਿਆਰਥੀ ਗਿਆ ਹੈ?

ਉੱਤਰ:- ਅਕਾਸ਼

## 1. ਸਿੰਧੂ ਘਾਟੀ ਸੱਭਿਅਤਾ ਦੇ ਸਥਾਨ

### ਵਿਆਖਿਆ :- ਸਿੰਧੂ ਘਾਟੀ ਸੱਭਿਅਤਾ ਦੇ ਸਥਾਨ

1. **ਹੜੱਪਾ**:- ਇਹ ਪੱਛਮੀ ਪੰਜਾਬ (ਪਾਕਿਸਤਾਨ) ਦੇ ਫੈਸਲਾਬਾਦ ਜ਼ਿਲ੍ਹੇ ਵਿੱਚ ਰਾਵੀ ਨਦੀ ਦੇ ਕੰਢੇ 'ਤੇ ਸਥਿਤ ਹੈ। ਇਹ ਸਿੰਧੂ ਘਾਟੀ ਸੱਭਿਅਤਾ ਦਾ ਖੋਜਿਆ ਗਿਆ ਸਭ ਤੋਂ ਪਹਿਲਾਂ ਕੇਂਦਰ ਸੀ ਜਿਸ ਕਾਰਨ ਇਸ ਸੱਭਿਅਤਾ ਨੂੰ ਹੜੱਪਾ ਸੱਭਿਅਤਾ ਵੀ ਕਿਹਾ ਜਾਂਦਾ ਹੈ।ਇਸ ਨਗਰ ਦੀ ਖੋਜ 1921 ਈ. ਦਯਾ ਰਾਮ ਸਾਹਨੀ ਨੇ ਕੀਤੀ ਸੀ।

2. **ਮੋਹਨਜੋਦੜੋ**:- ਇਹ ਸਥਾਨ ਪਾਕਿਸਤਾਨ ਦੇ ਸਿੰਧ ਪ੍ਰਾਂਤ ਦੇ ਲਰਕਾਨਾ ਜਿਲੇ ਵਿੱਚ ਸਿੰਧੂ ਨਦੀ ਦੇ ਕੰਢੇ 'ਤੇ ਸਥਿਤ ਹੈ। ਇਸ ਦੀ ਖੋਜ 1922 ਈ. ਵਿੱਚ ਆਰ. ਡੀ. ਬੈਨਰਜੀ ਨੇ ਕੀਤੀ। ਖ਼ੁਦਾਈ ਦੌਰਾਨ ਇੱਥੋਂ ਵਿਸ਼ਾਲ ਇਸ਼ਨਾਨ ਘਰ ਤੇ ਹੋਰ ਵਸਤੂਆਂ ਮਿਲੀਆਂ ਹਨ।

3. **ਕੋਟਲਾ ਨਿਹੰਗ ਖ਼ਾਂ**:- ਕੋਟਲਾ ਨਿਹੰਗ ਖਾਨ ਭਾਰਤੀ ਪੰਜਾਬ ਵਿੱਚ ਰੂਪਨਗਰ ਸ਼ਹਿਰ ਦਾ ਇੱਕ ਉਪਨਗਰ ਹੈ। ਕੋਟਲਾ ਨਿਹੰਗ ਖਾਨ 3300-1300 ਈ: ਪੂ: ਦੇ ਸਮੇਂ ਦੇ ਕਾਂਸੀ ਯੁੱਗ ਨਾਲ ਸਬੰਧਿਤ ਸਿੰਧੂ ਘਾਟੀ ਦੀ ਸੱਭਿਅਤਾ ਦਾ ਇੱਕ ਪ੍ਰਮੁੱਖ ਸਥਾਨ ਹੈ। ਇੱਥੇ ਕਾਂਸੀ ਯੁੱਗ ਦੀ ਭੱਠੀ ਸਮੇਤ ਕਈ ਭੂਮੀਗਤ ਢਾਂਚੇ ਲੱਭੇ ਗਏ ਸਨ। ਇਸਦੀ ਖੋਜ 1953 ਈ: ਵਿੱਚ ਯੱਗ ਦੱਤ ਸ਼ਰਮਾ ਨੇ ਕੀਤੀ ਸੀ।

4. **ਸੰਘੋਲ**:- ਇਹ ਕੇਂਦਰ ਭਾਰਤੀ ਪੰਜਾਬ ਦੇ ਜ਼ਿਲ੍ਹਾ ਸ਼੍ਰੀ ਫ਼ਤਹਿਗੜ੍ਹ ਸਾਹਿਬ ਵਿੱਚ ਸਥਿਤ ਹੈ। ਇਸ ਕੇਂਦਰ ਦੀ ਖੁਦਾਈ ਦਾ ਕੰਮ 1968 ਈ. ਵਿੱਚ ਐੱਸ. ਐੱਸ. ਤਲਵਾੜ ਅਤੇ ਆਰ. ਐੱਸ. ਬਿਸਟ ਨੇ ਕਰਵਾਇਆ ਸੀ।

5. **ਲੋਥਲ** :- ਇਹ ਕੇਂਦਰ ਗੁਜਰਾਤ ਵਿੱਚ ਸਥਿਤ ਹੈ। ਇੱਥੋਂ ਇੱਕ ਬੰਦਰਗਾਹ ਮਿਲੀ ਹੈ ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਇਹ ਵਪਾਰ ਦਾ ਇੱਕ ਵੱਡਾ ਕੇਂਦਰ ਰਿਹਾ ਹੋਵੇਗਾ। ਇਸ ਦੀ ਖੋਜ ਐਸ. ਆਰ. ਰਾਓ ਨੇ 1957 ਈ. ਵਿੱਚ ਕੀਤੀ ਸੀ।

6. **ਆਲਮਗੀਰਪੁਰ** :- ਇਹ ਨਗਰ ਉੱਤਰ ਪ੍ਰਦੇਸ਼ ਵਿੱਚ ਸਥਿਤ ਹੈ। ਹੁਣ ਤੱਕ ਲੱਭੇ ਗਏ ਖ਼ੇਤਰ ਵਿੱਚ ਇਹ ਸਿੰਧੂ ਘਾਟੀ ਸੱਭਿਅਤਾ ਦੀ ਪੂਰਬੀ ਸੀਮਾਂ ਹੈ। ਇਸ ਦੀ ਖੋਜ ਵਾਈ. ਡੀ. ਸ਼ਰਮਾ ਨੇ 1958 ਈ: ਵਿੱਚ ਕੀਤੀ ਸੀ।

7. **ਮਾਂਡਾ** ਮਾਂਡਾ ਭਾਰਤ ਦੇ ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ ਅਤੇ ਕਸ਼ਮੀਰ ਦੇ ਜੰਮੂ ਜ਼ਿਲ੍ਹੇ ਵਿੱਚ ਇੱਕ ਪੁਰਾਤੱਤਵ ਸਥਾਨ ਹੈ। ਇਸਦੀ ਖੁਦਾਈ 1976-77 ਵਿੱਚ ਜੇ.ਪੀ. ਜੋਸ਼ੀ ਦੁਆਰਾ ਕੀਤੀ ਗਈ ਸੀ। ਇਹ ਜੰਮੂ ਤੋਂ 28 ਕਿਲੋਮੀਟਰ ਉੱਤਰ ਪੱਛਮ ਵਿੱਚ ਪੀਰ ਪੰਜਾਲ ਰੇਂਜ ਦੀ ਤਲਹਟੀ ਵਿੱਚ ਚਨਾਬ ਨਦੀ ਦੇ ਸੱਜੇ ਕੰਢੇ ਉੱਤੇ ਸਥਿਤ ਹੈ, ਅਤੇ ਇਸਨੂੰ ਹੜੱਪਾ ਸਭਿਅਤਾ ਦੀ ਸਭ ਤੋਂ ਉੱਤਰੀ ਸੀਮਾ ਮੰਨਿਆ ਜਾਂਦਾ ਹੈ।

8. **ਰੋਪੜ (ਰੂਪਨਗਰ)** ਇਹ ਸ਼ਹਿਰ ਚੰਡੀਗੜ੍ਹ ਦੇ ਉੱਤਰ-ਪੱਛਮ ਵਿੱਚ ਲਗਭਗ 20 ਮੀਲ (32 ਕਿਲੋਮੀਟਰ) ਦੀ ਦੂਰੀ 'ਤੇ ਸਤਲੁਜ ਦਰਿਆ ਦੇ ਕੰਢੇ ਸਥਿਤ ਹੈ। ਰੋਪੜ ਖੇਤਰ ਹਜ਼ਾਰਾਂ ਸਾਲਾਂ ਤੋਂ ਆਬਾਦ ਰਿਹਾ ਹੈ, ਅਤੇ ਮੌਜੂਦਾ ਸ਼ਹਿਰ ਪ੍ਰਾਚੀਨ ਸਿੰਧੂ ਸਭਿਅਤਾ ਦੇ ਕੇਂਦਰ ਦਾ ਸਥਾਨ ਹੈ।




**9. ਦਾਇਮਾਬਾਦ** ਭਾਰਤ ਵਿੱਚ ਮਹਾਰਾਸ਼ਟਰ ਰਾਜ ਦੇ ਅਹਿਮਦਨਗਰ ਜ਼ਿਲ੍ਹੇ ਵਿੱਚ ਸ਼੍ਰੀਰਾਮਪੁਰ ਤਾਲੁਕਾ ਵਿੱਚ ਗੋਦਾਵਰੀ ਨਦੀ ਦੀ ਇੱਕ ਸਹਾਇਕ ਨਦੀ, ਪ੍ਰਵਾਰਾ ਨਦੀ ਦੇ ਖੱਬੇ ਕੰਢੇ ਉੱਤੇ ਹੈ। ਇਸ ਸਥਾਨ ਨੂੰ ਸਿੰਧੂ ਘਾਟੀ ਸੱਭਿਅਤਾ ਦੀ ਦੱਖਣੀ ਸੀਮਾਂ ਮੰਨਿਆ ਜਾਂਦਾ ਹੈ।


**10. ਰੰਗਪੁਰ**:- ਰੰਗਪੁਰ ਪੱਛਮੀ ਭਾਰਤ ਦੇ ਗੁਜਰਾਤ ਵਿੱਚ ਸੌਰਾਸ਼ਟਰ ਪ੍ਰਾਇਦੀਪ ਉੱਤੇ ਵਨਾਲਾ ਦੇ ਨੇੜੇ ਸਿੰਧੂ ਘਾਟੀ ਸੱਭਿਅਤਾ ਨਾਲ ਸਬੰਧਤ ਸਥਾਨ ਹੈ।

11. **ਸੁਤਕਾਂਗੇਡਰ** :- ਸੁਤਕਾਂਗੇਡਰ ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਵਿੱਚ ਸਥਿਤ ਹੜੱਪਾ ਸੱਭਿਅਤਾ ਦਾ ਮਹੱਤਵਪੂਰਣ ਕੇਂਦਰ ਹੈ। ਇਸਨੂੰ ਹੜੱਪਾ ਸਭਿਅਤਾ ਦੀ ਸਭ ਤੋਂ ਪੱਛਮੀ ਸੀਮਾ ਮੰਨਿਆ ਜਾਂਦਾ ਹੈ। ਇਹ ਦਾਸ਼ਤ ਨਦੀ ਦੇ ਪੂਰਬੀ ਕਿਨਾਰੇ ਤੇ ਵਸਿਆ ਹੋਇਆ ਸੀ। ਜਾਰਜ਼ ਡੇਲਸ ਨੇ ਇੱਥੇ ਹੜੱਪਾ ਸੱਭਿਅਤਾ ਦੇ ਤਿੰਨ ਪੱਧਰ ਲੱਭੇ ਹਨ।

## 2. ਅਸ਼ੋਕ ਦਾ ਸਾਮਰਾਜ

### 2. ਵਿਆਖਿਆ :- ਅਸ਼ੋਕ ਦਾ ਸਾਮਰਾਜ

1. **ਪਾਟਲੀਪੁੱਤਰ** :- ਗੰਗਾ ਅਤੇ ਸੋਨ ਨਦੀਆਂ ਦੇ ਕੰਢੇ 'ਤੇ ਸਥਿਤ ਇਹ ਨਗਰ ਅਸ਼ੋਕ ਦੀ ਰਾਜਧਾਨੀ ਸੀ। ਇਸ ਦਾ ਆਧੁਨਿਕ ਨਾਮ ਪਟਨਾ ਸਾਹਿਬ ਹੈ। ਪ੍ਰਾਚੀਨ ਕਾਲ ਵਿੱਚ ਇਹ ਨਗਰ ਮਗਧ ਦੇ ਜਿਆਦਾਤਰ ਰਾਜਵੰਸ਼ਾਂ ਦੀ ਰਾਜਧਾਨੀ ਰਹਿਣ ਕਰਕੇ ਭਾਰਤ ਦੇ ਇਤਿਹਾਸ ਦਾ ਕੇਂਦਰ ਬਿੰਦੂ ਰਿਹਾ ਹੈ।



**2. ਤਕਸ਼ਿਲਾ** :- ਇਹ ਅਸ਼ੋਕ ਦੇ ਸਾਮਰਾਜ ਦਾ ਇੱਕ ਮਹੱਤਵਪੂਰਣ ਨਗਰ ਸੀ। ਸਮਾਂ ਪਾ ਕੇ ਇਹ ਉੱਚ ਸਿੱਖਿਆ ਦਾ ਮਹੱਤਵਪੂਰਣ ਕੇਂਦਰ ਬਣ ਗਿਆ । ਜੋ ਕਿ ਹੁਣ ਪਾਕਿਸਤਾਨ ਦੇ ਜ਼ਿਲ੍ਹੇ ਰਾਵਲਪਿੰਡੀ ਵਿੱਚ ਸਥਿਤ ਹੈ । ਇਹ ਗੰਧਾਰ ਰਾਜ ਦੀ ਰਾਜਧਾਨੀ ਸੀ ।

**3. ਗਿਰਨਾਰ** :- ਗੁਜਰਾਤ (ਭਾਰਤ) ਵਿੱਚ ਕਾਠੀਆਵਾੜਾ ਪਰਬਤ ਲੜੀ ਦੀ ਇੱਕ ਪਵਿੱਤਰ ਪਹਾੜੀ ਹੈ ਅਤੇ ਜੂਨਾਗੜ੍ਹ ਸ਼ਹਿਰ ਦੇ ਕੋਈ 16 ਕਿ. ਮੀ. ਪੂਰਬ ਵਿੱਚ ਸਥਿਤ ਹੈ। ਇੱਥੇ ਸਨਾਤਨ, ਬੁੱਧ ਤੇ ਜੈਨ ਧਰਮ ਨਾਲ ਸਬੰਧਿਤ ਸਥਾਨ ਹਨ। ਇਹ ਅਸ਼ੋਕ ਦੇ ਸਾਮਰਾਜ ਦਾ ਮਹੱਤਵਪੂਰਣ ਨਗਰ ਸੀ।

**4. ਉਜੈਨ** :- ਭਾਰਤ ਦੇ ਮੱਧ ਪ੍ਰਦੇਸ਼ ਰਾਜ ਦਾ ਇੱਕ ਪ੍ਰਮੁੱਖ ਸ਼ਹਿਰ ਹੈ ਜੋ ਖਿਪਰਾ ਨਦੀ ਦੇ ਕੰਢੇ ਵਸਿਆ ਹੈ। ਇਹ ਇੱਕ ਅਤਿਅੰਤ ਪ੍ਰਾਚੀਨ ਸ਼ਹਿਰ ਹੈ। ਇੱਥੇ ਹਰ 12 ਸਾਲ ਉੱਤੇ ਸਿੰਹਸਥ ਕੁੰਭ ਮੇਲਾ ਲੱਗਦਾ ਹੈ। ਭਗਵਾਨ ਸ਼ਿਵ ਦੇ 12 ਜੋਤੀ ਲਿੰਗਾਂ ਵਿੱਚੋਂ ਇੱਕ ਮਹਾਂਕਾਲ ਇਸ ਨਗਰੀ ਵਿੱਚ ਸਥਿਤ ਹੈ। ਉਜੈਨ ਦੇ ਪ੍ਰਾਚੀਨ ਨਾਮ ਅਵੰਤੀਕਾ, ਉੱਜੈਨੀ ਆਦਿ ਹੈ। ਉਜੈਨ ਨੂੰ ਮੰਦਰਾਂ ਦੀ ਨਗਰੀ ਕਿਹਾ ਜਾਂਦਾ ਹੈ।

**5. ਕੰਧਾਰ**:- ਅਸ਼ੋਕ ਦੇ ਕਾਲ ਵਿੱਚ ਇਹ ਨਗਰ ਸੁਰੱਖਿਆ ਤੇ ਵਪਾਰਕ ਪੱਖ ਤੋਂ ਮਹੱਤਵਪੂਰਣ ਸੀ। ਅੱਜਕਲ ਇਹ ਅਫ਼ਗ਼ਾਨਿਸਤਾਨ ਦਾ ਇੱਕ ਪ੍ਰਸਿੱਧ ਸ਼ਹਿਰ ਹੈ। ਇਹ ਅਸ਼ੋਕ ਦੇ ਸਾਮਰਾਜ ਵਿੱਚ ਬੁੱਧ ਧਰਮ ਦਾ ਮਹੱਤਵਪੂਰਣ ਕੇਂਦਰ ਸੀ।

**6. ਅਮਰਾਵਤੀ** :- ਅਮਰਾਵਤੀ ਇੱਕ ਬੁੱਧ ਧਰਮ ਦਾ ਪ੍ਰਾਚੀਨ ਕੇਂਦਰ ਹੈ । ਇਸ ਦੇ ਮੱਠਾਂ ਅਤੇ ਯੂਨੀਵਰਸਿਟੀ ਭਾਰਤ ਹੀ ਨਹੀਂ ਸਗੋਂ ਪੂਰਬੀ ਅਤੇ ਦੱਖਣ-ਪੂਰਬੀ ਏਸ਼ੀਆ ਵਿੱਚ ਪ੍ਰਸਿੱਧ ਸਨ। ਅਮਰਾਵਤੀ ਵਿਖੇ ਬੋਧੀ ਸਤੂਪ ਭਾਰਤ ਵਿੱਚ ਸਭ ਤੋਂ ਵੱਡੇ ਸਤੂਪਾਂ ਵਿੱਚੋਂ ਇੱਕ ਸੀ, ਹਾਲਾਂਕਿ ਹੁਣ ਇਸਦੇ ਸਿਰਫ ਨਿਸ਼ਾਨ ਹੀ ਬਚੇ ਹਨ।

**7. ਸਾਂਚੀ**:- ਸਾਂਚੀ, ਭੂਪਾਲ ਤੋਂ 50 ਕੁ ਕਿਲੋਮੀਟਰ ਦੀ ਦੂਰੀ 'ਤੇ ਉੱਤਰ ਪੂਰਬ ਵੱਲ ਹੈ। ਇਹ ਬੁੱਧ ਧਰਮ ਦਾ ਮਹਾਨ ਕੇਂਦਰ ਸੀ। ਇੱਥੇ ਦਾ ਵਿਸ਼ਵ ਪ੍ਰਸਿੱਧ ਬੋਧੀ ਸਤੂਪ ਅਸ਼ੋਕ ਮਹਾਨ ਨੇ ਬਣਵਾਇਆ ਸੀ।ਇਹ ਬੋਧੀ ਕਲਾ ਦਾ ਸਰਵੋਤਮ ਨਮੂਨਾ ਹੈ। ਇਸ ਦੇ ਵਿਹੜੇ ਵਿੱਚ ਦਾਖ਼ਲ ਹੋ ਕੇ ਪਹਿਲੀ ਨਜ਼ਰ ਦੇਖਿਆਂ ਇਉਂ ਜਾਪਦਾ ਹੈ ਜਿਵੇਂ ਆਸਮਾਨ ਨੂੰ ਹੱਥ ਲਾ ਲਿਆ ਹੋਵੇ। ਸਤੂਪ ਨੰਬਰ 1 ਸਭ ਤੋਂ ਵੱਡਾ ਹੈ। ਪੱਥਰ ਦਾ ਢਾਂਚਾ ਹੋਣ ਨਾਤੇ ਇਹ ਭਾਰਤ ਵਿੱਚ ਸਭ ਤੋਂ ਪੁਰਾਣਾ ਹੈ।

## ਸਮੁਦਰਗੁਪਤ ਦਾ ਸਾਮਰਾਜ

### 3. ਵਿਆਖਿਆ :- ਸਮੁਦਰਗੁਪਤ ਦਾ ਸਾਮਰਾਜ

1. **ਪਾਟਲੀਪੁੱਤਰ** :- ਗੰਗਾ ਅਤੇ ਸੋਨ ਨਦੀਆਂ ਦੇ ਕੰਢੇ 'ਤੇ ਸਥਿਤ ਇਹ ਨਗਰ ਸਮੁਦਰਗੁਪਤ ਦੀ ਰਾਜਧਾਨੀ ਸੀ। ਇਸ ਦਾ ਆਧੁਨਿਕ ਨਾਮ ਪਟਨਾ ਸਾਹਿਬ ਹੈ। ਪ੍ਰਾਚੀਨ ਕਾਲ ਵਿੱਚ ਇਹ ਨਗਰ ਮਗਧ ਦੇ ਜਿਆਦਾਤਰ ਰਾਜਵੰਸ਼ਾਂ ਦੀ ਰਾਜਧਾਨੀ ਰਹਿਣ ਕਰਕੇ ਭਾਰਤ ਦੇ ਇਤਿਹਾਸ ਦਾ ਕੇਂਦਰ ਬਿੰਦੂ ਰਿਹਾ ਹੈ।


**2. ਗਿਰਨਾਰ** :- ਗੁਜਰਾਤ (ਭਾਰਤ) ਵਿੱਚ ਕਾਠੀਆਵਾੜਾ ਪਰਬਤ ਲੜੀ ਦੀ ਇੱਕ ਪਵਿੱਤਰ ਪਹਾੜੀ ਹੈ ਅਤੇ ਜੂਨਾਗੜ੍ਹ ਸ਼ਹਿਰ ਦੇ ਕੋਈ 16 ਕਿ. ਮੀ. ਪੂਰਬ ਵਿੱਚ ਸਥਿਤ ਹੈ। ਇੱਥੇ ਸਨਾਤਨ, ਬੁੱਧ ਤੇ ਜੈਨ ਧਰਮ ਨਾਲ ਸਬੰਧਿਤ ਸਥਾਨ ਹਨ। ਇਹ ਸਮੁਦਰਗੁਪਤ ਦੇ ਸਾਮਰਾਜ ਦਾ ਮਹੱਤਵਪੂਰਣ ਨਗਰ ਸੀ।

3. **ਸਾਂਚੀ**:- ਸਾਂਚੀ ਸਮੁਦਰਗੁਪਤ ਦੇ ਸਾਮਰਾਜ ਦਾ ਮਹੱਤਵਪੂਰਣ ਨਗਰ ਸੀ। ਇਹ ਭੋਪਾਲ ਤੋਂ 50 ਕੁ ਕਿਲੋਮੀਟਰ ਦੀ ਦੂਰੀ 'ਤੇ ਉੱਤਰ ਪੂਰਬ ਵੱਲ ਹੈ। ਇਹ ਬੁੱਧ ਧਰਮ ਦਾ ਮਹਾਨ ਕੇਂਦਰ ਸੀ। ਇੱਥੇ ਦਾ ਵਿਸ਼ਵ ਪ੍ਰਸਿੱਧ ਬੋਧੀ ਸਤੂਪ ਅਸ਼ੋਕ ਮਹਾਨ ਨੇ ਬਣਵਾਇਆ ਸੀ।ਇਹ ਬੋਧੀ ਕਲਾ ਦਾ ਸਰਵੋਤਮ ਨਮੂਨਾ ਹੈ।

**4. ਉਜੈਨ** :- ਭਾਰਤ ਦੇ ਮੱਧ ਪ੍ਰਦੇਸ਼ ਰਾਜ ਦਾ ਇੱਕ ਪ੍ਰਮੁੱਖ ਸ਼ਹਿਰ ਹੈ ਜੋ ਸ਼ਿਪਰਾ ਨਦੀ ਦੇ ਕੰਢੇ ਵਸਿਆ ਹੈ। ਇਹ ਇੱਕ ਅਤਿਅੰਤ ਪ੍ਰਾਚੀਨ ਸ਼ਹਿਰ ਹੈ। ਇੱਥੇ ਹਰ 12 ਸਾਲ ਬਾਅਦ ਕੁੰਭ ਮੇਲਾ ਲੱਗਦਾ ਹੈ। ਭਗਵਾਨ ਸ਼ਿਵ ਦੇ 12 ਜੋਤੀ ਲਿੰਗਾਂ ਵਿੱਚੋਂ ਇੱਕ ਮਹਾਂਕਾਲ ਇਸ ਨਗਰੀ ਵਿੱਚ ਸਥਿਤ ਹੈ। ਉਜੈਨ ਦੇ ਪ੍ਰਾਚੀਨ ਨਾਮ ਅਵੰਤੀਕਾ, ਉੱਜੈਨੀ ਆਦਿ ਹੈ। ਉਜੈਨ ਨੂੰ ਮੰਦਰਾਂ ਦੀ ਨਗਰੀ ਕਿਹਾ ਜਾਂਦਾ ਹੈ।

5. **ਕਾਸ਼ੀ** :- ਕਾਸ਼ੀ ਉੱਤਰੀ ਭਾਰਤ ਵਿੱਚ ਗੰਗਾ ਨਦੀ ਦੇ ਕਿਨਾਰੇ ਵਸਿਆ ਸ਼ਹਿਰ ਹੈ ਜਿਸਦਾ ਹਿੰਦੂ ਧਰਮ ਵਿੱਚ ਤੀਰਥ ਯਾਤਰਾ, ਮੌਤ ਅਤੇ ਸੋਗ ਦੀਆਂ ਪਰੰਪਰਾਵਾਂ ਵਿੱਚ ਇੱਕ ਕੇਂਦਰੀ ਸਥਾਨ ਹੈ। ਇਹ ਉੱਤਰ ਪ੍ਰਦੇਸ਼ ਪ੍ਰਾਂਤ ਵਿੱਚ ਹੈ ਅਤੇ ਹਿੰਦੂ ਧਰਮ ਦਾ ਮਹਾਂ ਤੀਰਥ ਹੈ । ਪੁਰਾਤਨ ਕਾਲ ਤੋਂ ਸਨਾਤਨ ਧਰਮ ਦੀ ਵਿੱਦਿਆ ਦੀ ਟਕਸਾਲ ਹੈ। ਇਹ ਸਮੁਦਰਗੁਪਤ ਦੇ ਸਾਮਰਾਜ ਦਾ ਮਹੱਤਵਪੂਰਣ ਨਗਰ ਸੀ।

6. **ਨਾਲੰਦਾ** :- ਨਾਲੰਦਾ ਸਮੁਦਰਗੁਪਤ ਦੇ ਸਾਮਰਾਜ ਦਾ ਮਹੱਤਵਪੂਰਣ ਨਗਰ ਸੀ। ਇਹ ਬੁੱਧ ਧਰਮ ਦਾ ਮਹਾਨ ਕੇਂਦਰ ਸੀ। ਚੀਨੀ ਸ੍ਰੋਤਾਂ ਅਨੁਸਾਰ ਨਾਲੰਦਾ ਜੋ ਬਾਅਦ ਵਿੱਚ ਸਿੱਖਿਆ ਦਾ ਵਿਸ਼ਵ ਪ੍ਰਸਿੱਧ ਕੇਂਦਰ ਬਣਿਆ, ਪਹਿਲਾਂ ਅੰਬਾਂ ਦਾ ਬਾਗ ਹੁੰਦਾ ਸੀ। ਇਹ 500 ਵਪਾਰੀਆਂ ਨੇ ਮਿਲਕੇ ਖਰੀਦ ਲਿਆ ਅਤੇ ਮਹਾਤਮਾਂ ਬੁੱਧ ਨੂੰ ਦਾਨ ਵਜੋਂ ਦੇ ਦਿੱਤਾ ਸੀ।




**7. ਇੰਦਰਪ੍ਰਸਥ** :- ਇਹ ਨਗਰ ਆਧਨਿਕ ਦਿੱਲੀ ਦਾ ਇੱਕ ਖੇਤਰ ਹੈ ਜੋ ਜਮਨਾ ਨਦੀ ਕੰਢੇ ਇੱਕ ਜੰਗਲੀ ਖੇਤਰ ਸੀ। ਇਸ ਨਗਰ ਦਾ ਨਾਮ ਮਹਾਂਭਾਰਤ ਦੇ ਪਾਂਡਵਾਂ ਦੀ ਰਾਜਧਾਨੀ ਵਜੋਂ ਦਰਜ਼ ਹੈ। ਹਿੰਦੂ ਪਰੰਪਰਾਵਾਂ ਅਨੁਸਾਰ ਭਗਵਾਨ ਸ੍ਰੀ ਕ੍ਰਿਸ਼ਨ ਜੀ ਅਤੇ ਅਰਜਨ ਨੇ ਜੰਗਲੀ ਖੇਤਰ ਦੀ ਸਫਾਈ ਕਰਕੇ ਇਸਨੂੰ ਅਬਾਦ ਕੀਤਾ ਸੀ।ਗੁਪਤ ਕਾਲ ਵਿੱਚ ਇਹ ਸਮੁਦਰਗੁਪਤ ਦੇ ਸਾਮਰਾਜ ਦਾ ਹਿੱਸਾ ਸੀ।

**8. ਅਯੁੱਧਿਆ**:- ਅਯੁੱਧਿਆ ਉੱਤਰ ਪ੍ਰਦੇਸ਼ ਪ੍ਰਾਂਤ ਦਾ ਇੱਕ ਸ਼ਹਿਰ ਹੈ। ਇਹ ਫੈਜਾਬਾਦ ਜ਼ਿਲ੍ਹੇ ਵਿੱਚ ਸਥਿਤ ਹੈ। ਹਿੰਦੂ ਵਿਸ਼ਵਾਸ ਅਨੁਸਾਰ ਇਸਨੂੰ ਭਗਵਾਨ ਸ੍ਰੀ ਰਾਮ ਦੀ ਜਨਮਭੂਮੀ ਮੰਨਿਆ ਜਾਂਦਾ ਹੈ। ਇਹ ਸਰਜੂ ਨਦੀ ਦੇ ਸੱਜੇ ਤਟ ਉੱਤੇ ਫੈਜਾਬਾਦ ਤੋਂ ਛੇ ਕਿਲੋਮੀਟਰ ਦੂਰੀ ਤੇ ਵਸਿਆ ਹੈ। ਪ੍ਰਾਚੀਨ ਕਾਲ ਵਿੱਚ ਇਸਨੂੰ ਕੌਸ਼ਲ ਦੇਸ਼ ਕਿਹਾ ਜਾਂਦਾ ਸੀ। ਅਯੁੱਧਿਆ ਹਿੰਦੂਆਂ ਦੇ ਪ੍ਰਾਚੀਨ ਅਤੇ ਸੱਤ ਪਵਿੱਤਰ ਤੀਰਥ ਸਥਾਨਾ ਵਿੱਚੋਂ ਇੱਕ ਹੈ। ਅਥਰਵ ਵੇਦ ਵਿੱਚ ਇਸ ਨੂੰ ਰੱਬ ਦਾ ਨਗਰ ਦੱਸਿਆ ਗਿਆ ਹੈ।

## 4. ਮਹੱਤਵਪੂਰਣ ਇਤਿਹਾਸਕ ਸਥਾਨ

### 4. ਵਿਆਖਿਆ :- ਮਹੱਤਵਪੂਰਣ ਇਤਿਹਾਸਕ ਸਥਾਨ

1. **ਪਾਟਲੀਪੁੱਤਰ** :- ਗੰਗਾ ਅਤੇ ਸੋਨ ਨਦੀਆਂ ਦੇ ਕੰਢੇ 'ਤੇ ਸਥਿਤ ਇਹ ਨਗਰ ਮੌਰੀਆ, ਸ਼ੁੰਗ, ਗੁਪਤ ਆਦਿ ਸ਼ਾਸਕਾਂ ਦੀ



ਰਾਜਧਾਨੀ ਸੀ। ਇਸ ਦਾ ਆਧੁਨਿਕ ਨਾਮ ਪਟਨਾ ਸਾਹਿਬ ਹੈ। ਪ੍ਰਾਚੀਨ ਕਾਲ ਵਿੱਚ ਇਹ ਨਗਰ ਮਗਧ ਦੇ ਜਿਆਦਾਤਰ ਰਾਜਵੰਸ਼ਾਂ ਦੀ ਰਾਜਧਾਨੀ ਰਹਿਣ ਕਰਕੇ ਭਾਰਤ ਦੇ ਇਤਿਹਾਸ ਦਾ ਕੇਂਦਰ ਬਿੰਦੂ ਰਿਹਾ ਹੈ।

**2. ਸਾਰਨਾਥ :-** ਆਧੁਨਿਕ ਉੱਤਰ ਪ੍ਰਦੇਸ਼ ਵਿੱਚ ਬਨਾਰਸ ਦੇ ਕੋਲ ਸਥਿਤ ਇਸ ਸਥਾਨ 'ਤੇ ਮਹਾਤਮਾ ਬੁੱਧ ਨੇ ਆਪਣਾ ਪਹਿਲਾ ਉਪਦੇਸ਼ ਦਿੱਤਾ। ਮੌਰੀਆ ਕਾਲ ਵਿੱਚ ਅਸ਼ੋਕ ਨੇ ਇੱਥੇ ਇੱਕ ਸਤੰਭ ਬਣਵਾਇਆ ਜਿਸ ਤੇ ਬਣੇ ਸ਼ੇਰਾਂ ਦੇ ਚਿੰਨ੍ਹ ਨੂੰ ਭਾਰਤ ਸਰਕਾਰ ਨੇ ਆਪਣੇ ਸਿੱਕਿਆਂ ਉੱਤੇ ਅੰਕਿਤ ਕੀਤਾ ਹੈ।

3. **ਤਕਸ਼ਿਲਾ** :- ਇਹ ਪ੍ਰਾਚੀਨ ਭਾਰਤ ਵਿੱਚ ਉੱਚ ਸਿੱਖਿਆ ਦਾ ਮਹੱਤਵਪੂਰਣ ਕੇਂਦਰ ਸੀ। ਜੋ ਕਿ ਹੁਣ ਪਾਕਿਸਤਾਨ ਦੇ ਜ਼ਿਲ੍ਹੇ ਰਾਵਲਪਿੰਡੀ ਵਿੱਚ ਸਥਿਤ ਹੈ। ਇਹ ਗੰਧਾਰ ਰਾਜ ਦੀ ਰਾਜਧਾਨੀ ਸੀ।

4. **ਮਥੁਰਾ**:- ਮਥੁਰਾ ਆਧੁਨਿਕ ਉੱਤਰ ਪ੍ਰਦੇਸ਼ ਦਾ ਇੱਕ ਪ੍ਰਸਿੱਧ ਇਤਿਹਾਸਿਕ ਨਗਰ ਸੀ। ਇਸ ਦਾ ਵਰਣਨ ਮਹਾਂਭਾਰਤ ਅਤੇ ਪੁਰਾਣਾਂ ਵਿੱਚ ਆਉਂਦਾ ਹੈ।

5. **ਉਜੈਨ** :- ਭਾਰਤ ਦੇ ਮੱਧ ਪ੍ਰਦੇਸ਼ ਰਾਜ ਦਾ ਇੱਕ ਪ੍ਰਮੁੱਖ ਸ਼ਹਿਰ ਹੈ ਜੋ ਖਿਪਰਾ ਨਦੀ ਦੇ ਕੰਡੇ ਵਸਿਆ ਹੈ। ਇਹ ਇੱਕ ਅਤਿਅੰਤ ਪ੍ਰਾਚੀਨ ਸ਼ਹਿਰ ਹੈ। ਇੱਥੇ ਹਰ 12 ਸਾਲ ਉੱਤੇ ਸਿੰਹਸਥ ਕੁੰਭ ਮੇਲਾ ਲੱਗਦਾ ਹੈ। ਭਗਵਾਨ ਸ਼ਿਵ ਦੇ 12 ਜੋਤੀ ਲਿੰਗਾਂ ਵਿੱਚੋਂ ਇੱਕ ਮਹਾਂਕਾਲ ਇਸ ਨਗਰੀ ਵਿੱਚ ਸਥਿਤ ਹੈ। ਊਜੈਨ ਦੇ ਪ੍ਰਾਚਿਨ ਨਾਮ ਅਵੰਤੀਕਾ, ਉੱਜੈਨੀ ਆਦਿ ਹੈ। ਊਜੈਨ ਮੰਦਿਰਾਂ ਦੀ ਨਗਰੀ ਹੈ।

6.**ਗਿਰਨਾਰ** :- ਗੁਜਰਾਤ (ਭਾਰਤ) ਵਿੱਚ ਕਾਠੀਆਵਾੜਾ ਪਰਬਤ ਲੜੀ ਦੀ ਇੱਕ ਪਵਿੱਤਰ ਪਹਾੜੀ ਹੈ ਅਤੇ ਜੂਨਾਗੜ੍ਹ ਸ਼ਹਿਰ ਦੇ ਕੋਈ 16 ਕਿ. ਮੀ. ਪੂਰਬ ਵਿੱਚ ਸਥਿਤ ਹੈ। ਇੱਥੇ ਸਨਾਤਨ, ਬੁੱਧ ਤੇ ਜੈਨ ਧਰਮ ਨਾਲ ਸਬੰਧਿਤ ਸਥਾਨ ਹਨ।

7. **ਸਾਂਚੀ**:- ਸਾਂਚੀ, ਭੂਪਾਲ ਤੋਂ 50 ਕੁ ਕਿਲੋਮੀਟਰ ਦੀ ਦੂਰੀ 'ਤੇ ਉੱਤਰ ਪੂਰਬ ਵੱਲ ਹੈ। ਇਹ ਬੁੱਧ ਧਰਮ ਦਾ ਮਹਾਨ ਕੇਂਦਰ ਸੀ। ਇੱਥੇ ਦਾ ਵਿਸ਼ਵ ਪ੍ਰਸਿੱਧ ਬੋਧੀ ਸਤੂਪ ਅਸ਼ੋਕ ਮਹਾਨ ਨੇ ਬਣਵਾਇਆ ਸੀ।ਇਹ ਬੋਧੀ ਕਲਾ ਦਾ ਸਰਵੋਤਮ ਨਮੂਨਾ ਹੈ। ਇਸ ਦੇ ਵਿਹੜੇ ਵਿੱਚ ਦਾਖ਼ਲ ਹੋ ਕੇ ਪਹਿਲੀ ਨਜ਼ਰ ਦੇਖਿਆਂ ਇਉਂ ਜਾਪਦਾ ਹੈ ਜਿਵੇਂ ਆਸਮਾਨ ਨੂੰ ਹੱਥ ਲਾ ਲਿਆ ਹੋਵੇ। ਸਤੂਪ ਨੰਬਰ 1 ਸਭ ਤੋਂ ਵੱਡਾ ਹੈ। ਪੱਥਰ ਦਾ ਢਾਂਚਾ ਹੋਣ ਨਾਤੇ ਇਹ ਭਾਰਤ ਵਿੱਚ ਸਭ ਤੋਂ ਪੁਰਾਣਾ ਹੈ।

8. **ਅਯੁੱਧਿਆ**:- ਅਯੁੱਧਿਆ ਉੱਤਰ ਪ੍ਰਦੇਸ਼ ਪ੍ਰਾਂਤ ਦਾ ਇੱਕ ਸ਼ਹਿਰ ਹੈ। ਇਹ ਫੈਜਾਬਾਦ ਜ਼ਿਲ੍ਹੇ ਵਿੱਚ ਸਥਿਤ ਹੈ। ਹਿੰਦੂ ਵਿਸ਼ਵਾਸ ਅਨੁਸਾਰ ਇਸਨੂੰ ਭਗਵਾਨ ਸ਼੍ਰੀ ਰਾਮ ਦੀ ਜਨਮਭੂਮੀ ਮੰਨਿਆ ਜਾਂਦਾ ਹੈ। ਇਹ ਸਰਜੂ ਨਦੀ ਦੇ ਸੱਜੇ ਤਟ ਉੱਤੇ ਫੈਜਾਬਾਦ ਤੋਂ ਛੇ ਕਿਲੋਮੀਟਰ ਦੂਰੀ ਤੇ ਵਸਿਆ ਹੈ। ਪ੍ਰਾਚੀਨ ਕਾਲ ਵਿੱਚ ਇਸਨੂੰ ਕੌਸ਼ਲ ਦੇਸ਼ ਕਿਹਾ ਜਾਂਦਾ ਸੀ। ਅਯੋਧਿਆ ਹਿੰਦੂਆਂ ਦੇ ਪ੍ਰਾਚੀਨ ਅਤੇ ਸੱਤ ਪਵਿਤਰ ਤੀਰਥ ਸਥਾਨਾ ਵਿੱਚੋਂ ਇੱਕ ਹੈ। ਅਥਰਵ ਵੇਦ ਵਿੱਚ ਇਸ ਨੂੰ ਰੱਬ ਦਾ ਨਗਰ ਦੱਸਿਆ ਗਿਆ ਹੈ।

9. **ਅਮਰਾਵਤੀ** :- ਅਮਰਾਵਤੀ ਇੱਕ ਬੁੱਧ ਧਰਮ ਦਾ ਪ੍ਰਾਚੀਨ ਕੇਂਦਰ ਹੈ। ਇਸ ਦੇ ਮੱਠਾਂ ਅਤੇ ਯੂਨੀਵਰਸਿਟੀ ਭਾਰਤ ਹੀ ਨਹੀਂ ਸਗੋਂ ਪੂਰਬੀ ਅਤੇ ਦੱਖਣ-ਪੂਰਬੀ ਏਸ਼ੀਆ ਵਿੱਚ ਪ੍ਰਸਿੱਧ ਸਨ। ਅਮਰਾਵਤੀ ਵਿਖੇ ਬੋਧੀ ਸਤੂਪ ਭਾਰਤ ਵਿੱਚ ਸਭ ਤੋਂ ਵੱਡੇ ਸਤੂਪਾਂ ਵਿੱਚੋਂ ਇੱਕ ਸੀ, ਹਾਲਾਂਕਿ ਹੁਣ ਇਸਦੇ ਸਿਰਫ ਨਿਸ਼ਾਨ ਹੀ ਬਚੇ ਹਨ।


## 5. 1526 ਈ ਵਿੱਚ ਭਾਰਤ:

### 5. ਵਿਆਖਿਆ :- 1526 ਈ ਵਿੱਚ ਭਾਰਤ

1. **ਲਾਹੌਰ**: ਰਾਵੀ ਦਰਿਆ ਦੇ ਕੰਢੇ ਸਥਿਤ ਇਹ ਨਗਰ ਭਾਰਤ ਦੇ ਪ੍ਰਾਚੀਨ ਨਗਰਾਂ ਵਿੱਚੋਂ ਇੱਕ ਹੈ। ਸਲਤਨਤ ਕਾਲ ਤੇ ਮੁਗਲ ਕਾਲ ਵਿੱਚ ਇਸਦਾ ਵਿਸ਼ੇਸ਼ ਮਹੱਤਵ ਸੀ। ਸਦੀਆਂ ਤੋਂ ਇਹ ਨਗਰ ਪੰਜਾਬ ਦੀ ਰਾਜਧਾਨੀ ਰਿਹਾ ਹੈ। ਤਿਕੋਣੇ ਸਮਘਰਸ਼ ਦੌਰਾਨ ਇਹ ਨਗਰ ਕਈ ਇਤਿਹਾਸਕ ਘਟਨਾਵਾਂ ਦਾ ਗਵਾਹ ਰਿਹਾ ਹੈ।

2. **ਸਮਾਣਾ**:- ਸਮਾਣਾ ਪੰਜਾਬ ਦਾ ਪ੍ਰਾਚੀਨ ਨਗਰ ਹੈ। ਸਲਤਨਤ ਕਾਲ ਤੇ ਮੁਗਲ ਕਾਲ ਵਿੱਚ ਇਹ ਬਹੁਤ ਅਮੀਰ ਤੇ ਵਿਸ਼ਾਲ ਨਗਰ ਸੀ। ਸਲਤਨਤ ਕਾਲ ਵਿੱਚ ਇਸ ਨਗਰ ਨੇ ਮੰਗੋਲ ਹਮਲੇ ਦਾ ਸਾਹਮਣਾ ਕੀਤਾ ਸੀ। ਅੱਜ ਕਲ ਇਹ ਪਟਿਆਲਾ ਜ਼ਿਲ੍ਹੇ ਦੀ ਤਹਿਸੀਲ ਹੈ।

**3. ਜੌਨਪੁਰ** :- ਜੌਨਪੁਰ ਨਗਰ ਦੀ ਸਥਾਪਨਾ ਦਿੱਲੀ ਦੇ ਸੁਲਤਾਨ ਫਿਰੋਜ਼ ਸ਼ਾਹ ਤੁਗਲਕ ਦੁਆਰਾ ਕੀਤੀ ਗਈ ਸੀ ਅਤੇ ਉਸਨੇ ਆਪਣੇ ਚਚੇਰੇ ਭਰਾ ਮੁਹੰਮਦ ਬਿਨ ਤੁਗਲਕ ਦੀ ਯਾਦ ਵਿਚ ਇਸ ਦਾ ਨਾਂ ਰੱਖਿਆ ਗਿਆ ਸੀ। ਮੁਹੰਮਦ ਬਿਨ ਤੁਗਲਕ ਦਾ ਨਾਮ ਜੌਨਾ (ਜੂਨਾ) ਖਾਨ ਸੀ। ਫਿਰੋਜ਼ ਸ਼ਾਹ ਤੁਗਲਕ ਨੇ ਮਲਿਕ ਸਰਵਰ ਨੂੰ ਖੇਤਰ ਦਾ ਗਵਰਨਰ ਨਿਯੁਕਤ ਕੀਤਾ।




**4. ਸਰਹਿੰਦ**:- ਇਹ ਨਗਰ ਲੁਧਿਆਣੇ ਤੇ ਅੰਬਾਲੇ ਵਿਚਕਾਰ ਜਰਨੈਲੀ ਸੜਕ ਤੇ ਸਥਿਤ ਹੈ। ਸਰਹਿੰਦ ਪੰਜਾਬ ਦਾ ਪ੍ਰਾਚੀਨ ਨਗਰ ਹੈ। ਸਲਤਨਤ ਕਾਲ ਤੇ ਮੁਗਲ ਕਾਲ ਵਿੱਚ ਇਹ ਬਹੁਤ ਅਮੀਰ ਤੇ ਵਿਸ਼ਾਲ ਨਗਰ ਸੀ। ਕਿਹਾ ਜਾਂਦਾ ਹੈ ਕਿ ਇਸ ਵਿੱਚ 360 ਮਸਜਿਦਾਂ , ਮਜਾਰਾਂ ਤੇ ਸਰਾਂਵਾਂ ਸਨ। ਅੱਜ ਕਲ ਇਹ ਸ੍ਰੀ ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਦੀ ਤਹਿਸੀਲ ਹੈ।

5. **ਪਾਣੀਪਤ**:- ਪਾਣੀਪਤ ਲਾਹੌਰ ਤੋਂ ਦਿੱਲੀ ਦੇ ਰਸਤੇ ਉੱਤੇ ਘੱਗਰ ਤੇ ਜਮਨਾ ਨਦੀਆਂ ਦੇ ਵਿਚਕਾਰ ਸਥਿਤ ਹੈ। ਭਾਰਤ ਦੇ ਇਤਿਹਾਸ ਵਿੱਚ ਇਸ ਦਾ ਵਿਸ਼ੇਸ਼ ਮਹੱਤਵ ਹੈ। ਇੱਥੇ ਹੀ 1526 ਈਸਵੀ ਵਿੱਚ ਬਾਬਰ ਨੇ ਇਬਰਾਹੀਮ ਲੋਧੀ ਨੂੰ ਹਰਾ ਕੇ ਦਿੱਲੀ ਸਲਤਨਤ ਦਾ ਅੰਤ ਕੀਤਾ ਤੇ ਮੁਗਲ ਸਾਮਰਾਜ ਦੀ ਨੀਹ ਰੱਖੀ।

6. **ਦਿੱਲੀ:-** ਜਮਨਾ ਨਦੀ ਦੇ ਕੰਢੇ ਉੱਤੇ ਸਥਿਤ ਦਿੱਲੀ ਮਧਕਲੀਨ ਭਾਰਤ ਦਾ ਇੱਕ ਮਹੱਤਵਪੂਰਨ ਨਗਰ ਰਿਹਾ ਹੈ। ਇਲਤੁਤਮਿਸ ਨੇ ਦਿੱਲੀ ਨੂੰ ਆਪਣੇ ਸਾਮਰਾਜ ਦੀ ਰਾਜਧਾਨੀ ਬਣਾਇਆ। ਇਸ ਪਿੱਛੋਂ ਇਹ ਸਾਰੇ ਸੁਲਤਾਨਾ ਦੀ ਰਾਜਧਾਨੀ ਰਹੀ। ਰਾਜਧਾਨੀ ਦਿੱਲੀ ਹੋਣ ਕਾਰਨ ਸੁਲਤਾਨਾ ਦੇ ਸਾਮਰਾਜ ਨੂੰ ਦਿੱਲੀ ਸਲਤਨਤ ਕਿਹਾ ਜਾਣ ਲੱਗਾ। ਦਿੱਲੀ ਦੇ ਸੁਲਤਾਨਾ ਨੇ ਇੱਥੇ ਕੁਤਬ ਮੀਨਾਰ ਨਜਾਮੁਦੀਨ ਔਲੀਆ ਦਾ ਮਕਬਰਾ ਆਦਿ ਦਾ ਨਿਰਮਾਣ ਕਰਵਾਇਆ।

7. **ਪਟਨਾ** :- ਪਟਨਾ ਭਾਰਤ ਦੇ ਰਾਜ ਬਿਹਾਰ ਦੀ ਰਾਜਧਾਨੀ ਅਤੇ ਸਭ ਤੋਂ ਵੱਡਾ ਸ਼ਹਿਰ ਹੈ। ਇਸਲਾਮੀ ਰਾਜ ਹੇਠ ਸੂਰੀ ਘਰਾਣੇ ਦੀ ਰਾਜਧਾਨੀ ਸੀ।ਇਸ ਸ਼ਹਿਰ ਵਿੱਚ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ ਸੀ ਅਤੇ ਇੱਥੇ ਸਿੱਖਾਂ ਦੇ ਪੰਜ ਤਖ਼ਤਾਂ ਵਿੱਚੋਂ ਇੱਕ ਸਥਿਤ ਹੈ।

8. **ਪੇਸ਼ਾਵਰ** :- ਪਾਕਿਸਤਾਨ ਦੇ ਸਰਹੱਦੀ ਸੂਬੇ ਖ਼ੈਬਰ ਪਖ਼ਤੋਨਖ਼ਵਾ ਦਾ ਇੱਕ ਸ਼ਹਿਰ ਅਤੇ ਰਾਜਧਾਨੀ ਹੈ। ਇਸਦਾ ਪੁਰਾਣਾ ਨਾਮ 'ਪਰਸ਼ਪਰ' ਹੈ। ਇਹ ਨਗਰ ਕੁਸ਼ਾਣ ਸਾਮਰਾਜ ਦੇ ਰਾਜਾ ਕਨਿਸ਼ਕ ਨੇ ਦੂਜੀ ਸਦੀ ਵਿੱਚ ਵਸਾਇਆ ਸੀ। ਸੁਰੱਖਿਆ ਦੇ ਪੱਖ ਤੋਂ ਇਹ ਨਗਰ ਭਾਰੀ ਮਹੱਤਵ ਰੱਖਦਾ ਸੀ। ਸੁਬਕਤਗੀਨ ਨੇ ਜੈਪਾਲ ਤੋਂ ਪੇਸ਼ਾਵਰ ਖੋਹ ਕੇ ਆਪਣੇ ਰਾਜ ਨਾਲ ਮਿਲਾਇਆ। ਇਹ ਦਿੱਲੀ ਸਲਤਨਤ ਦਾ ਮਹੱਤਵਪੂਰਣ ਨਗਰ ਸੀ।

## 6. ਅਕਬਰ ਦਾ ਸਾਮਰਾਜ:

### 6. ਵਿਆਖਿਆ :- ਅਕਬਰ ਦਾ ਸਾਮਰਾਜ

1.**ਕੰਧਾਰ**:- ਅਕਬਰ ਦੇ ਕਾਲ ਵਿੱਚ ਇਹ ਨਗਰ ਮੁਗਲ ਸਾਮਰਾਜ ਦਾ ਇੱਕ ਭਾਗ ਸੀ। ਸਦਈਆਂ ਤੋਂ ਇਹ ਨਗਰ ਸੁਰੱਖਿਆ ਤੇ ਵਪਾਰਕ ਪੱਖ ਤੋਂ ਮਹੱਤਵਪੂਰਣ ਰਿਹਾ ਸੀ। ਅੱਜਕਲ ਇਹ ਅਫ਼ਗ਼ਾਨਿਸਤਾਨ ਦਾ ਇੱਕ ਪ੍ਰਸਿੱਧ ਸ਼ਹਿਰ ਹੈ।

2. **ਆਗਰਾ**:- ਇਹ ਭਾਰਤ ਦੇ ਸਭ ਤੋਂ ਵੱਡੇ ਸੂਬੇ ਉੱਤਰ ਪ੍ਰਦੇਸ਼ ਵਿੱਚ ਸਥਿਤ ਹੈ। ਇਸਨੂੰ ਲੋਧੀ ਸੁਲਤਾਨ ਸਿਕੰਦਰ ਲੋਧੀ ਨੇ ਵਸਾਇਆ ਸੀ। ਮੁਗਲਾਂ ਦੇ ਸਮੇਂ ਇਹ ਨਗਰ ਬਹੁਤ ਮਹੱਤਵਪੂਰਣ ਬਣ ਗਿਆ ਸੀ। ਸ਼ਾਹਜਹਾਂ ਨੇ ਇੱਥੇ ਤਾਜ ਮਹਿਲ ਬਣਵਾਇਆ ਸੀ।

3.**ਲਾਹੌਰ**: ਰਾਵੀ ਦਰਿਆ ਦੇ ਕੰਢੇ ਸਥਿਤ ਇਹ ਨਗਰ ਭਾਰਤ ਦੇ ਪ੍ਰਾਚੀਨ ਨਗਰਾਂ ਵਿੱਚੋਂ ਇੱਕ ਹੈ। ਸਲਤਨਤ ਕਾਲ ਤੇ ਮੁਗਲ ਕਾਲ ਵਿੱਚ ਇਸਦਾ ਵਿਸ਼ੇਸ਼ ਮਹੱਤਵ ਸੀ। ਸਦੀਆਂ ਤੋਂ ਇਹ ਨਗਰ ਪੰਜਾਬ ਦੀ ਰਾਜਧਾਨੀ ਰਿਹਾ ਹੈ। ਮੁਗਲਾਂ ਦੇ ਸਮੇਂ ਵਾਪਰੀਆਂ ਕਈ ਇਤਿਹਾਸਕ ਘਟਨਾਵਾਂ ਦਾ ਇਹ ਨਗਰ ਗਵਾਹ ਰਿਹਾ ਹੈ।


4. **ਮੁਲਤਾਨ**:- ਇਹ ਅੱਜਕਲ੍ਹ ਪਾਕਿਸਤਾਨ ਵਿੱਚ ਸਥਿਤ ਹੈ। ਸੁਰੱਖਿਆ ਤੇ ਵਪਾਰਕ ਪੱਖ ਤੋਂ ਮਹੱਤਵਪੂਰਣ ਹੋਣ ਕਰਕੇ ਇਹ ਭਾਰਤ ਦੇ ਸ਼ਾਸਕਾਂ ਲਈ ਖਿੱਚ ਦਾ ਕੇਂਦਰ ਰਿਹਾ ਹੈ। ਮੁਗਲ ਕਾਲ ਵਿੱਚ ਇਹ ਪ੍ਰਸਿੱਧ ਵਪਾਰਕ ਕੇਂਦਰ ਸੀ।

5. **ਸਮਾਣਾ**:- ਸਮਾਣਾ ਪੰਜਾਬ ਦਾ ਪ੍ਰਾਚੀਨ ਨਗਰ ਹੈ। ਸਲਤਨਤ ਕਾਲ ਤੇ ਮੁਗਲ ਕਾਲ ਵਿੱਚ ਇਹ ਬਹੁਤ ਅਮੀਰ ਤੇ ਵਿਸ਼ਾਲ ਨਗਰ ਸੀ। ਬੰਦਾ ਸਿੰਘ ਬਹਾਦਰ ਨੇ ਸਮਾਣਾ ਜਿੱਤਣ ਤੋਂ ਭਾਰਤ ਦੇ ਇਤਿਹਾਸ ਵਿੱਚ ਸਭ ਤੋਂ ਪਹਿਲਾਂ ਕਿਸਾਨਾਂ ਨੂੰ ਭੂਮੀ ਦਾ ਮਾਲਕ ਸਮਾਣਾ ਵਿਖੇ ਹੀ ਬਣਾਇਆ ਸੀ। ਅੱਜ ਕਲ ਇਹ ਪਟਿਆਲਾ ਜ਼ਿਲ੍ਹੇ ਦੀ ਤਹਿਸੀਲ ਹੈ।

6. **ਸਰਹਿੰਦ**:- ਸਰਹਿੰਦ ਪੰਜਾਬ ਦਾ ਪ੍ਰਾਚੀਨ ਨਗਰ ਹੈ। ਸਲਤਨਤ ਕਾਲ ਤੇ ਮੁਗਲ ਕਾਲ ਵਿੱਚ ਇਹ ਬਹੁਤ ਅਮੀਰ ਤੇ ਵਿਸ਼ਾਲ ਨਗਰ ਸੀ। ਇੱਥੋਂ ਦੇ ਮੁਗਲ ਫੌਜਦਾਰ ਵਜ਼ੀਦ ਖਾਨ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਕਈ ਯੁੱਧ ਲੜੇ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਸੀ। ਬੰਦਾ ਸਿੰਘ ਬਹਾਦਰ ਨੇ ਸਰਹਿੰਦ ਜਿੱਤ ਨੂੰ ਜਿੱਤਕੇ ਉਸਦਾ ਅੰਤ ਕਰ ਦਿੱਤਾ ਸੀ।

7. **ਪੇਸ਼ਾਵਰ** :- ਪਾਕਿਸਤਾਨ ਦੇ ਸਰਹੱਦੀ ਸੂਬੇ ਖ਼ੈਬਰ ਪਖ਼ਤੋਨਖ਼ਵਾ ਦਾ ਇੱਕ ਸ਼ਹਿਰ ਅਤੇ ਰਾਜਧਾਨੀ ਹੈ। ਇਸਦਾ ਪੁਰਾਣਾ ਨਾਮ 'ਪਰਸ਼ਪਰ' ਹੈ। ਇਹ ਨਗਰ ਕੁਸ਼ਾਣ ਸਾਮਰਾਜ ਦੇ ਰਾਜਾ ਕਨਿਸ਼ਕ ਨੇ ਦੂਜੀ ਸਦੀ ਵਿੱਚ ਵਸਾਇਆ ਸੀ। ਸੁਰੱਖਿਆ ਦੇ ਪੱਖ ਤੋਂ ਇਹ ਨਗਰ ਭਾਰੀ ਮਹੱਤਵ ਰੱਖਦਾ ਸੀ। ਸੁਬਕਤਗੀਨ ਨੇ ਜੈਪਾਲ ਤੋਂ ਪੇਸ਼ਾਵਰ ਖੋਹ ਕੇ ਆਪਣੇ ਰਾਜ ਨਾਲ ਮਿਲਾਇਆ। ਇਹ ਦਿੱਲੀ ਸਲਤਨਤ ਦਾ ਮਹੱਤਵਪੂਰਣ ਨਗਰ ਸੀ।

8.**ਕਾਬੁਲ** :- ਕਾਬੁਲ ਅਫਗਾਨਿਸਤਾਨ ਦੀ ਰਾਜਧਾਨੀ ਅਤੇ ਅਫ਼ਗਾਨਿਸਤਾਨ ਦਾ ਸਭ ਤੋਂ ਵੱਡਾ ਸ਼ਹਿਰ ਹੈ। ਇਹ ਅਫਗਾਨਿਸਤਾਨ ਦੇ ਪੂਰਬੀ ਹਿੱਸੇ ਵਿੱਚ ਸਥਿਤ ਹੈ ।ਕਾਬਲ ਦਰਿਆ ਦੇ ਨਾਲ ਤੰਗ ਵਾਦੀ ਵਿੱਚ ਕਾਇਮ ਇਹ ਸ਼ਹਿਰ ਸੱਭਿਆਚਾਰਕ ਕੇਂਦਰ ਹੈ।




**9. ਪਾਣੀਪਤ**:- ਪਾਣੀਪਤ ਲਾਹੌਰ ਤੋਂ ਦਿੱਲੀ ਦੇ ਰਸਤੇ ਉੱਤੇ ਘੱਗਰ ਤੇ ਜਮਨਾ ਨਦੀਆਂ ਦੇ ਵਿਚਕਾਰ ਸਥਿਤ ਹੈ। ਭਾਰਤ ਦੇ ਇਤਿਹਾਸ ਵਿੱਚ ਇਸ ਦਾ ਵਿਸ਼ੇਸ਼ ਮਹੱਤਵ ਹੈ। ਇੱਥੇ ਹੀ 1526 ਈਸਵੀ ਵਿੱਚ ਬਾਬਰ ਨੇ ਇਬਰਾਹੀਮ ਲੋਧੀ ਨੂੰ ਹਰਾ ਕੇ ਦਿੱਲੀ ਸਲਤਨਤ ਦਾ ਅੰਤ ਕੀਤਾ ਤੇ ਮੁਗਲ ਸਾਮਰਾਜ ਦੀ ਨੀਹ ਰੱਖੀ। ਇੱਥੇ ਹੀ 1556 ਈਸਵੀ ਵਿੱਚ ਅਕਬਰ ਨੇ ਆਦਿਲ ਸ਼ਾਹ ਨੂੰ ਹਰਾਇਆ।


**10. ਦਿੱਲੀ:-** ਜਮਨਾ ਨਦੀ ਦੇ ਕੰਢੇ ਉੱਤੇ ਸਥਿਤ ਦਿੱਲੀ ਮਧਕਲੀਨ ਭਾਰਤ ਦਾ ਇੱਕ ਮਹੱਤਵਪੂਰਨ ਨਗਰ ਰਿਹਾ ਹੈ। ਮੁਗਲ ਕਾਲ ਵਿੱਚ ਇਹ ਨਗਰ ਵਪਾਰ ਤੇ ਸੱਭਿਆਚਾਰ ਦਾ ਪ੍ਰਸਿੱਧ ਕੇਂਦਰ ਰਿਹਾ ਇੱਥੇ ਅਨੇਕ ਪ੍ਰਸਿੱਧ ਕਵੀ ਲੇਖਕ ਤੇ ਵਿਦਵਾਨ ਪੈਦਾ ਹੋਏ ਜਿਨਾਂ ਨੂੰ ਮੁਸਲਿਮ ਸ਼ਾਸਕਾਂ ਨੇ ਸਰਪ੍ਰਸਤੀ ਦਿੱਤੀ। ਮੁਗਲਾਂ ਨੇ ਲਾਲ ਕਿਲਾ, ਮੋਤੀ ਮਸਜਿਦ, ਜਾਮਾ ਮਸਜਿਦ ਆਦਿ ਦਾ ਨਿਰਮਾਣ ਕਰਵਾਇਆ।

**11. ਪਟਨਾ** :- ਪਟਨਾ ਭਾਰਤ ਦੇ ਰਾਜ ਬਿਹਾਰ ਦੀ ਰਾਜਧਾਨੀ ਅਤੇ ਸਭ ਤੋਂ ਵੱਡਾ ਸ਼ਹਿਰ ਹੈ। ਇਹ ਦੁਨੀਆ ਦੀਆਂ ਸਭ ਤੋਂ ਪੁਰਾਣੀਆਂ ਅਬਾਦ ਥਾਂਵਾਂ ਵਿੱਚੋਂ ਇੱਕ ਹੈ। ਪ੍ਰਾਚੀਨ ਕਾਲ ਵਿੱਚ ਇਸ ਨੂੰ ਪਾਟਲੀਪੁੱਤਰ ਕਿਹਾ ਜਾਂਦਾ ਸੀ। ਇਸਲਾਮੀ ਰਾਜ ਹੇਠ ਸੂਰੀ ਘਰਾਣੇ ਦੀ ਰਾਜਧਾਨੀ ਸੀ। ਮੁਗਲ ਕਾਲ ਵਿੱਚ ਇਹ ਨਗਰ ਵਪਾਰ ਤੇ ਸੱਭਿਆਚਾਰ ਦਾ ਪ੍ਰਸਿੱਧ ਕੇਂਦਰ ਰਿਹਾ।

## 7. ਮਹਾਰਾਜਾ ਰਣਜੀਤ ਸਿੰਘ ਦਾ ਸਾਮਰਾਜ:-

### 7. ਵਿਆਖਿਆ :- ਮਹਾਰਾਜਾ ਰਣਜੀਤ ਸਿੰਘ ਦਾ ਸਾਮਰਾਜ

**ਅੰਮ੍ਰਿਤਸਰ**:- ਇਹ ਭਾਰਤੀ ਪੰਜਾਬ ਵਿੱਚ ਸਥਿਤ ਸਿੱਖਾਂ ਦੀ ਅਧਿਆਤਮਕ ਰਾਜਧਾਨੀ ਹੈ। ਇਹ ਸਿੱਖਾਂ ਦੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਵਸਾਇਆ ਗਿਆ। 1805 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਨੂੰ ਜਿੱਤਿਆ ਸੀ।
**ਲਾਹੌਰ**: ਰਾਵੀ ਦਰਿਆ ਦੇ ਕੰਢੇ ਸਥਿਤ ਇਹ ਨਗਰ ਭਾਰਤ ਦੇ ਪ੍ਰਾਚੀਨ ਨਗਰਾਂ ਵਿੱਚੋਂ ਇੱਕ ਹੈ। ਸਲਤਨਤ ਕਾਲ ਤੇ ਮੁਗਲ ਕਾਲ ਵਿੱਚ ਇਸਦਾ ਵਿਸ਼ੇਸ਼ ਮਹੱਤਵ ਸੀ। ਮਹਾਰਾਜਾ ਰਣਜੀਤ ਸਿੰਘ ਨੇ 1799 ਈ: ਵਿੱਚ ਇਸਨੂੰ ਭੰਗੀ ਸਰਦਾਰਾਂ ਤੋਂ ਜਿੱਤਿਆ। ਸਦੀਆਂ ਤੋਂ ਇਹ ਨਗਰ ਪੰਜਾਬ ਦੀ ਰਾਜਧਾਨੀ ਰਿਹਾ ਹੈ।



. **ਮੁਲਤਾਨ**:- ਇਹ ਅੱਜਕਲ੍ਹ ਪਾਕਿਸਤਾਨ ਵਿੱਚ ਸਥਿਤ ਹੈ। ਸੁਰੱਖਿਆ ਤੇ ਵਪਾਰਕ ਪੱਖ ਤੋਂ ਮਹੱਤਵਪੂਰਣ ਹੋਣ ਕਰਕੇ ਇਹ ਭਾਰਤ ਦੇ ਸ਼ਾਸਕਾਂ ਲਈ ਖਿੱਚ ਦਾ ਕੇਂਦਰ ਰਿਹਾ ਹੈ। ਮੁਗਲ ਕਾਲ ਵਿੱਚ ਇਹ ਪ੍ਰਸਿੱਧ ਵਪਾਰਕ ਕੇਂਦਰ ਸੀ। ਮਹਾਰਾਜਾ ਰਣਜੀਤ ਸਿੰਘ ਨੇ 1818 ਈ: ਵਿੱਚ ਮੁਲਤਾਨ ਨੂੰ ਜਿੱਤਿਆ ਸੀ।

**ਕਸੂਰ:-** ਰਣਜੀਤ ਸਿੰਘ ਨੇ 1807 ਈ: ਵਿੱਚ ਕਸੂਰ ਉੱਤੇ ਹਮਲਾ ਕੀਤਾ। ਕਸੂਰ ਦੇ ਸ਼ਾਸਕ ਕੁਤਬ-ਉ-ਦੀਨ ਨੇ ਪੂਰਾ ਮਹੀਨਾ ਰਣਜੀਤ ਸਿੰਘ ਦਾ ਟਾਕਰਾ ਕੀਤਾ। ਰਸਦ- ਪਾਣੀ ਦੀ ਘਾਟ ਦੇ ਕਾਰਣ ਉਸਨੇ ਅਖੀਰ ਵਿੱਚ ਹਾਰ ਮੰਨ ਲਈ। ਰਣਜੀਤ ਸਿੰਘ ਨੇ ਕਸੂਰ ਨੂੰ ਅਪਣੇ ਰਾਜ ਵਿੱਚ ਮਿਲਾ ਲਿਆ।

**ਕਾਂਗੜਾ :-** ਰਣਜੀਤ ਸਿੰਘ ਨੇ ਕਾਂਗੜਾ ਦੇ ਸ਼ਾਸਕ ਸੰਸਾਰ ਚੰਦ ਕਟੋਚ ਦੀ ਗੋਰਖਿਆਂ ਦੇ ਵਿਰੁੱਧ ਸਹਾਇਤਾ ਕੀਤੀ ਤੇ ਬਦਲੇ ਵਿੱਚ ਕਾਂਗੜੇ ਦੇ ਕਿਲੇ ਦੀ ਮੰਗ ਕੀਤੀ। ਗੋਰਖਿਆਂ ਨੂੰ ਹਰਾਉਣ ਤੋਂ ਬਾਅਦ ਰਣਜੀਤ ਸਿੰਘ ਨੇ ਕਾਂਗੜੇ ਦੇ ਕਿਲ੍ਹੇ 'ਤੇ ਰਣਜੀਤ ਸਿੰਘ ਦਾ ਅਧਿਕਾਰ ਹੋ ਗਿਆ। ਇਸ ਜਿੱਤ ਨਾਲ ਰਣਜੀਤ ਸਿੰਘ ਦੇ ਮਾਨ ਸਨਮਾਨ ਵਿੱਚ ਭਾਰੀ ਵਾਧਾ ਹੋਇਆ।

**ਅਟਕ :-** 1813 ਈ: ਵਿੱਚ ਰਣਜੀਤ ਸਿੰਘ ਦੇ ਵਿਦੇਸ਼ ਮੰਤਰੀ ਫਕੀਰ ਅਜ਼ੀਜ਼-ਉ-ਦੀਨ ਨੇ ਅਟਕ ਦੇ ਹਾਕਮ ਜਹਾਂਦਾਦ ਖਾਨ ਨਾਲ ਗੱਲਬਾਤ ਕਰਕੇ ਇੱਕ ਲੱਖ ਰੁਪਏ ਸਲਾਨਾ ਜਗੀਰ ਦੇ ਬਦਲੇ ਉਸਤੋਂ ਅਟਕ ਦਾ ਅਟਕ ਦਾ ਕਿਲਾ ਲੈ ਲਿਆ। ਜਦੋਂ ਕਾਬੁਲ ਦੇ ਵਜ਼ੀਰ ਫਤਿਹ ਖਾਂ ਨੇ ਫੌਜ਼ ਲੈ ਕੇ ਅਟਕ ਵੱਲ ਕੂਚ ਕੀਤਾ ਤਾਂ ਸਿੱਖ ਸੈਨਾ ਨੇ ਉਸਨੂੰ ਹਜ਼ਰੋਂ ਦੇ ਸਥਾਨ "ਤੇ ਹਰਾ ਦਿੱਤਾ।

**ਕਸ਼ਮੀਰ :-** ਰਣਜੀਤ ਸਿੰਘ ਨੇ ਕਸ਼ਮੀਰ ਨੂੰ ਫਤਿਹ ਕਰਨ ਲਈ 1819 ਈ: ਵਿੱਚ ਖੜਕ ਸਿੰਘ ਤੇ ਦੀਵਾਨ ਮਿਸ਼ਰ ਚੰਦ ਦੀ ਅਗਵਾਈ ਵਿੱਚ ਸੈਨਾ ਭੇਜੀ। ਕਸ਼ਮੀਰ ਦੇ ਅਫਗਾਨ ਸ਼ਾਸਕ ਬੱਬਰ ਖਾਨ ਨੂੰ ਹਰਾਕੇ ਕਸ਼ਮੀਰ ਘਾਟੀ ਦੇ ਇਲਾਕੇ 'ਤੇ ਅਧਿਕਾਰ ਕਰ ਲਿਆ।

**ਡੇਰਾ ਗਾਜ਼ੀ ਖਾਂ :-** ਜਮਾਂਦਾਰ ਖੁਸ਼ਹਾਲ ਸਿੰਘ ਦੀ ਅਗਵਾਈ ਵਾਲੀ ਸਿੱਖ ਸੈਨਾ ਨੇ 1820 ਈ: ਵਿੱਚ ਡੇਰਾ ਗਾਜ਼ੀ ਖਾਂ ਨੂੰ ਜਿੱਤ ਲਿਆ। ਰਣਜੀਤ ਸਿੰਘ ਨੇ ਇਹ ਖੇਤਰ ਸਲਾਨਾ ਕਰ ਦੇ ਬਦਲੇ ਬਹਾਵਲਪੁਰ ਦੇ ਨਵਾਬ ਨੂੰ ਦੇ ਦਿੱਤਾ।

**ਪੇਸ਼ਾਵਰ** :- ਪਾਕਿਸਤਾਨ ਦੇ ਸਰਹੱਦੀ ਸੂਬੇ ਖ਼ੈਬਰ ਪਖ਼ਤੋਨਖ਼ਵਾ ਦਾ ਇੱਕ ਸ਼ਹਿਰ ਅਤੇ ਰਾਜਧਾਨੀ ਹੈ। ਇਸਦਾ ਪੁਰਾਣਾ ਨਾਮ 'ਪਰਸ਼ਪਰ' ਹੈ। ਮਹਾਰਾਜਾ ਰਣਜੀਤ ਸਿੰਘ ਨੇ ਇਸ 'ਤੇ ਆਪਣਾ ਅਧਿਕਾਰ ਕਾਇਮ ਕੀਤਾ ਅਤੇ ਬਾਲਾਹਿਸਾਰ ਕਿਲੇ ਤੇ ਖਾਲਸਾ ਸਲਤਨਤ ਦਾ ਨਿਸ਼ਾਨ ਝੁਲਾਕੇ ਇਸਦਾ ਨਾਮ ਸੁਮੇਰਗੜ੍ਹ ਰੱਖਿਆ।

**ਬੰਨੂ** :-ਬੰਨੂ ਅੱਜਕਲ ਪਾਕਿਸਤਾਨ ਦੇ ਖੈਬਰ ਪਖਤੂਨਖਵਾ ਸੂਬੇ ਦਾ ਇੱਕ ਜ਼ਿਲ੍ਹਾ ਹੈ। ਬੰਨੂ ਦਾ ਇਤਿਹਾਸ ਇਸਦੀ ਰਣਨੀਤਕ ਸਥਿਤੀ ਦੇ ਕਾਰਨ ਪੂਰਵ-ਇਤਿਹਾਸਕ ਕਾਲ ਨਾਲ ਜੁੜਦਾ ਹੈ। ਮਹਾਰਾਜਾ ਰਣਜੀਤ ਸਿੰਘ ਨੇ ਇਸਦੀ ਸੁਰੱਖਿਆ ਦੇ ਪੱਖ ਤੋਂ ਮਹੱਤਤਾ ਨੂੰ ਵੇਖਦੇ ਹੋਏ ਇਸ ਖੇਤਰ ਨੂੰ ਜਿੱਤ ਲਿਆ ਤੇ ਆਪਣੇ ਸਾਮਰਾਜ ਵਿੱਚ ਮਿਲਾ ਲਿਆ।


**ਮਿਠਨਕੋਟ** :- ਮਿਠਨਕੋਟ ਜਿਸ ਨੂੰ ਕੋਟਮਿਠਾਨ ਜਾਂ ਪੰਜ ਦਰਿਆਵਾਂ ਦੀ ਧਰਤੀ ਵੀ ਕਿਹਾ ਜਾਂਦਾ ਹੈ, ਪੰਜਾਬ, ਪਾਕਿਸਤਾਨ ਵਿੱਚ ਰਾਜਨਪੁਰ ਜ਼ਿਲ੍ਹੇ ਦਾ ਇੱਕ ਸ਼ਹਿਰ ਹੈ। ਮਿਠਨਕੋਟ ਸਿੰਧ ਨਦੀ ਦੇ ਪੱਛਮੀ ਕੰਢੇ 'ਤੇ ਸਥਿਤ ਹੈ। ਕੋਟ ਮਿਠਾਨ ਵੀ ਉਹ ਧਰਤੀ ਹੈ, ਜਿੱਥੇ ਪੰਜਾਬ ਦੇ ਸਾਰੇ ਦਰਿਆ ਮਿਲ ਜਾਂਦੇ ਹਨ।ਮਹਾਰਾਜਾ ਰਣਜੀਤ ਸਿੰਘ ਨੇ ਇਸਦੀ ਸੁਰੱਖਿਆ ਤੇ ਵਪਾਰਕ ਪੱਖ ਤੋਂ ਮਹੱਤਤਾ ਨੂੰ ਵੇਖਦੇ ਹੋਏ ਇਸ ਖੇਤਰ ਨੂੰ ਜਿੱਤ ਲਿਆ ਤੇ ਆਪਣੇ ਸਾਮਰਾਜ ਵਿੱਚ ਮਿਲਾ ਲਿਆ।

**ਜਮਰੌਦ** :- ਜਮਰੌਦ ਪਾਕਿਸਤਾਨ ਦੇ ਖੈਬਰ ਜ਼ਿਲ੍ਹੇ ਦਾ ਇੱਕ ਸ਼ਹਿਰ ਹੈ। ਪੇਸ਼ਾਵਰ ਸ਼ਹਿਰ ਦੇ ਪੱਛਮੀ ਕਿਨਾਰੇ 'ਤੇ, ਪਿਸ਼ਾਵਰ ਦੀ ਵਾਦੀ ਵਿੱਚ ਸਥਿਤ, ਜਮਰੌਦ ਖੈਬਰ ਦੱਰੇ ਦਾ ਦਰਵਾਜ਼ਾ ਹੈ ਜੋ ਕਿ ਕਸਬੇ ਦੇ ਪੱਛਮ ਵੱਲ ਹੈ । ਭਾਰਤ ਤੇ ਹਮਲਾ ਕਰਨ ਵਾਲੇ ਵਿਦੇਸ਼ੀ ਇਸ ਰਸਤੇ ਹੀ ਭਾਰਤ ਆਉਂਦੇ ਸਨ। ਮਹਾਰਾਜਾ ਰਣਜੀਤ ਸਿੰਘ ਨੇ ਜਮਰੌਦ ਦੇ ਕਿਲ੍ਹੇ ਤੇ ਕਬਜ਼ਾ ਕਰਨ ਤੇ ਇੱਥੇ ਹਰੀ ਸਿੰਘ ਨਲੂਆ ਵਰਗੇ ਸੈਨਾਪਤੀਆਂ ਦੀ ਤੈਨਾਤੀ ਨੇ ਹਮੇਸ਼ਾ ਲਈ ਹਮਲਾਵਰਾਂ ਦਾ ਰਸਤਾ ਰੋਕ ਦਿੱਤਾ ਸੀ।

## 8. ਮਹੱਤਵਪੂਰਣ ਇਤਿਹਾਸਕ ਸਥਾਨ:-

**8. ਵਿਆਖਿਆ :- ਮਹੱਤਵਪੂਰਣ ਇਤਿਹਾਸਕ ਸਥਾਨ**

**1.ਦਿੱਲੀ**:- ਦਿੱਲੀ ਭਾਰਤ ਦਾ ਪ੍ਰਾਚੀਨ ਨਗਰ ਹੈ। ਇਹ ਸਲਤਨਤ ਕਾਲ ਵਿੱਚ ਸੁਲਤਾਨਾਂ ਦੀ ਰਾਜਧਾਨੀ ਰਿਹਾ। 1857 ਈ: ਦੇ ਵਿਦਰੋਹ ਦਾ ਇੱਕ ਪ੍ਰਮੁੱਖ ਕੇਂਦਰ ਸੀ। ਅੰਗਰੇਜ਼ਾਂ ਨੇ 1911ਈ ਵਿੱਚ ਦਿੱਲੀ ਨੂੰ ਭਾਰਤ ਦੀ ਰਾਜਧਾਨੀ ਬਣਾਇਆ ਸੀ ਅਤੇ ਅੱਜ ਵੀ ਇਹ ਨਗਰ ਭਾਰਤ ਦੀ ਰਾਜਧਾਨੀ ਹੈ।




**2. ਅੰਮ੍ਰਿਤਸਰ**:- ਇਹ ਭਾਰਤੀ ਪੰਜਾਬ ਵਿੱਚ ਸਥਿਤ ਸਿੱਖਾਂ ਦੀ ਅਧਿਆਤਮਕ ਰਾਜਧਾਨੀ ਹੈ। ਇਹ ਸਿੱਖਾਂ ਦੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਵਸਾਇਆ ਗਿਆ। 1805 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਨੂੰ ਜਿੱਤਿਆ ਸੀ। ਸੁਤੰਤਰਤਾ ਅੰਦੋਲਨ ਦੌਰਾਨ ਇਹ ਨਗਰ ਮਹੱਤਵਪੂਰਨ ਘਟਨਾਵਾਂ ਦਾ ਕੇਂਦਰ ਰਿਹਾ ਹੈ।

**3. ਢਾਕਾ:-** ਇਹ ਭਾਰਤ ਦਾ ਪ੍ਰਚੀਨ ਨਗਰ ਸੀ ਜੋ ਅੱਜ ਕੱਲ੍ਹ ਭਾਰਤ ਦੇ ਗੁਆਂਢੀ ਮੁਲਕ ਬੰਗਲਾਦੇਸ਼ ਦੀ ਰਾਜਧਾਨੀ ਹੈ। ਮੁਸਲਿਮ ਲੀਗ ਦੀ ਸਥਾਪਨਾ ਤੋਂ ਅਜ਼ਾਦੀ ਤੱਕ ਇਹ ਨਗਰ ਕਈ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਦਾ ਕੇਂਦਰ ਰਿਹਾ।

**4. ਕਲਕੱਤਾ:** ਇਹ ਨਗਰ ਆਧੁਨਿਕ ਭਾਰਤ ਦੇ ਸੂਬਾ ਪੱਛਮੀ ਬੰਗਾਲ ਦੀ ਰਾਜਧਾਨੀ ਹੈ। ਇਹ ਨਗਰ ਅੰਗਰੇਜ਼ਾਂ ਦੁਆਰਾ ਵਸਾਇਆ ਗਿਆ ਸੀ। ਬ੍ਰਿਟਿਸ਼ ਸ਼ਾਸਨ ਦੇ ਮੁੱਢਲੇ ਦੌਰ ਵਿੱਚ ਕਲਕੱਤਾ ਅੰਗਰੇਜ਼ੀ ਸ਼ਾਸਨ ਦੀਆਂ ਗਤੀਵਿਧੀਆਂ ਦਾ ਮੁੱਢਲਾ ਕੇਂਦਰ ਸੀ।

**5. ਝਾਂਸੀ:-** ਇਹ ਭਾਰਤ ਦੇ ਆਧੁਨਿਕ ਸੂਬੇ ਉੱਤਰ ਪ੍ਰਦੇਸ਼ ਦਾ ਮਹੱਤਵਪੂਰਣ ਨਗਰ ਹੈ। ਇਸ 1857 ਈ: ਦੇ ਵਿਦਰੋਹ ਦਾ ਮੁੱਖ ਕੇਂਦਰ ਸੀ।

**6. ਸੂਰਤ:-** ਇਹ ਭਾਰਤ ਦੇ ਗੁਜਰਾਤ ਸੂਬੇ ਵਿੱਚ ਸਥਿਤ ਹੈ। ਭਾਰਤ ਵਿੱਚ ਅੰਗਰੇਜ਼ਾਂ ਨੇ ਆਪਣੀ ਪਹਿਲੀ ਬਸਤੀ ਸੂਰਤ ਵਿਖੇ ਸਥਾਪਿਤ ਕੀਤੀ। ਇਹ ਨਗਰ ਹੀਰਿਆਂ ਦੇ ਵਪਾਰ ਦਾ ਪ੍ਰਮੁੱਖ ਕੇਂਦਰ ਹੈ।

**7. ਸ਼ਿਮਲਾ:-** ਇਹ ਨਗਰ ਅੰਗਰੇਜ਼ਾਂ ਦੁਆਰਾ ਵਸਾਇਆ ਗਿਆ ਸੀ। ਇਹ ਆਧੁਨਿਕ ਭਾਰਤ ਦੇ ਪ੍ਰਾਂਤ ਹਿਮਾਚਲ ਪ੍ਰਦੇਸ਼ ਦੀ ਰਾਜਧਾਨੀ ਹੈ। ਇਹ ਭਾਰਤ ਦੇ ਪ੍ਰਮੁੱਖ ਸ਼ੈਰ ਸਪਾਟਾ ਕੇਂਦਰਾਂ ਵਿੱਚੋਂ ਇੱਕ ਹੈ।

**8.ਬੰਬਈ:-** ਇਹ ਮਹਾਂਰਾਸ਼ਟਰ ਸੂਬੇ ਦੀ ਰਾਜਧਾਨੀ ਹੈ ਅਤੇ ਇਹ ਭਾਰਤ ਦਾ ਇੱਕ ਮਹਾਂਨਗਰ ਹੈ। ਭਾਰਤ ਦੇ ਪੱਛਮੀ ਤੱਟ ਉੱਤੇ ਸਥਿਤ ਹੈ। ਇਹ ਭਾਰਤ ਦਾ ਸਭ ਤੋਂ ਜਿਆਦਾ ਆਬਾਦੀ ਵਾਲਾ ਸ਼ਹਿਰ ਹੈ। ਮੁੰਬਈ ਬੰਦਰਗਾਹ ਭਾਰਤ ਦਾ ਸਭ ਤੋਂ ਵੱਡੀ ਸਮੁੰਦਰੀ ਬੰਦਰਗਾਹ ਹੈ। ਯੂਰਪ, ਅਮਰੀਕਾ, ਅਫਰੀਕਾ ਆਦਿ ਪੱਛਮੀ ਦੇਸ਼ਾਂ ਨਾਲ ਜਲਮਾਰਗ ਜਾਂ ਵਾਯੂ ਮਾਰਗ ਰਾਹੀਂ ਆਉਣ ਵਾਲੇ ਜਹਾਜ ਅਤੇ ਯਾਤਰੀ ਸਭ ਤੋਂ ਪਹਿਲਾਂ ਮੁੰਬਈ ਹੀ ਆਉਂਦੇ ਰਹੇ ਹਨ ਇਸ ਲਈ ਮੁੰਬਈ ਨੂੰ ਭਾਰਤ ਦਾ ਪ੍ਰਵੇਸ਼ਦਵਾਰ ਕਿਹਾ ਜਾਂਦਾ ਹੈ।

**9. ਮੈਸੂਰ :-** ਮੈਸੂਰ ਦਾ ਨਾਂ ਮਹਿਖਾਸੁਰ ਨਾਮੀ ਮਿਥਿਹਾਸਕ ਦੈਂਤ ਦੇ ਨਾਂ 'ਤੇ ਪਿਆ ਹੈ ਜਿਸ ਨੂੰ ਚਮੁੰਡੇਸ਼ਵਰੀ ਦੇਵੀ ਨੇ ਮਾਰਿਆ ਸੀ। ਇਹ ਨੀਮ ਪਹਾੜੀ ਸ਼ਹਿਰ ਹੈ ਜਿਸ ਦੀਆਂ ਪਹਾੜੀਆਂ ਰਮਣੀਕ ਹਨ। ਟੀਪੂ ਸੁਲਤਾਨ ਕਾਰਨ ਮਸ਼ਹੂਰ ਇਹ ਨਗਰ ਕਾਵੇਰੀ ਅਤੇ ਕੰਬਿਨੀ ਨਦੀਆਂ ਦੇ ਵਿਚਕਾਰ ਵੱਸਿਆ ਹੋਇਆ ਹੈ। ਇਹ ਕਰਨਾਟਕ ਦਾ ਦੂਜਾ ਸਭ ਤੋਂ ਵੱਡਾ ਸ਼ਹਿਰ ਹੈ।

**10. ਮਦਰਾਸ:-** ਇਹ ਨਗਰ ਬੰਗਾਲ ਦੀ ਖਾੜੀ ਦੇ ਕੋਰੋਮੰਡਲ ਤੱਟ ਉੱਤੇ ਸਥਿਤ ਭਾਰਤ ਦੇ ਤਾਮਿਲਨਾਡੂ ਸੂਬੇ ਦੀ ਰਾਜਧਾਨੀ ਹੈ। ਇਹ ਭਾਰਤ ਦਾ ਪੰਜਵਾਂ ਵੱਡਾ ਸ਼ਹਿਰ ਅਤੇ ਤੀਜੀ ਸਭ ਤੋਂ ਵੱਡੀ ਬੰਦਰਗਾਹ ਹੈ। ਅੰਗਰੇਜਾਂ ਨੇ ਇਸਨੂੰ ਇੱਕ ਪ੍ਰਧਾਨ ਸ਼ਹਿਰ ਅਤੇ ਜਲ ਸੈਨਿਕ ਅੱਡੇ ਦੇ ਰੂਪ ਵਿੱਚ ਉੱਨਤ ਕੀਤਾ। ਵੀਹਵੀਂ ਸਦੀ ਤੱਕ ਇਹ ਮਦਰਾਸ ਪ੍ਰੈਸਿਡੈਂਸੀ ਦੀ ਰਾਜਧਾਨੀ ਅਤੇ ਇੱਕ ਮੁੱਖ ਪ੍ਰਬੰਧਕੀ ਕੇਂਦਰ ਬਣ ਚੁੱਕਿਆ ਸੀ।

**11. ਕਰਾਚੀ** :- ਕਰਾਚੀ ਅੱਜਕੱਲ ਪਾਕਿਸਤਾਨ ਦਾ ਸਭ ਤੋਂ ਵੱਡਾ ਸ਼ਹਿਰ ਹੈ। ਇਹ ਸੂਬਾ ਸਿੰਧ ਵਿੱਚ ਸਮੁੰਦਰ ਦੇ ਕਿਨਾਰੇ ਵਸਿਆ ਹੋਇਆ ਹੈ। ਕਰਾਚੀ ਭਾਰਤ ਦੇ ਸੁਤੰਤਰਤਾ ਅੰਦੋਲਨ ਦੌਰਾਨ ਕਈ ਮਹੱਤਵਪੂਰਨ ਘਟਨਾਵਾਂ ਦਾ ਕੇਂਦਰ ਰਿਹਾ ਹੈ।

**12. ਚੰਪਾਰਣ**:- ਇਹ ਆਧੁਨਿਕ ਬਿਹਾਰ ਸੂਬੇ ਵਿੱਚ ਸਥਿਤ ਹੈ। ਇੱਥੋਂ ਦੇ ਕਿਸਾਨਾਂ ਨੂੰ ਅੰਗਰੇਜ਼ਾਂ ਵੱਲੋਂ ਨੀਲ ਦੀ ਖੇਤੀ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਸੀ।ਭਾਰਤੀ ਸੁਤੰਤਰਤਾ ਅੰਦੋਲਨ ਵਿੱਚ ਮਹਾਤਮਾ ਗਾਂਧੀ ਦੁਆਰਾ ਪ੍ਰੇਰਿਤ ਪਹਿਲਾ ਸਤਿਅਗ੍ਰਹਿ ਇਨਕਲਾਬ ਬਿਹਾਰ ਦੇ ਚੰਪਾਰਣ ਤੋਂ 1916 ਵਿੱਚ ਸ਼ੁਰੂ ਹੋਇਆ ਸੀ।

**13. ਲਾਹੌਰ**: ਰਾਵੀ ਦਰਿਆ ਦੇ ਕੰਢੇ ਸਥਿਤ ਇਹ ਨਗਰ ਭਾਰਤ ਦੇ ਪ੍ਰਾਚੀਨ ਨਗਰਾਂ ਵਿੱਚੋਂ ਇੱਕ ਹੈ। ਸਲਤਨਤ ਕਾਲ ਤੇ ਮੁਗਲ ਕਾਲ ਵਿੱਚ ਇਸਦਾ ਵਿਸ਼ੇਸ਼ ਮਹੱਤਵ ਸੀ। ਮਹਾਰਾਜਾ ਰਣਜੀਤ ਸਿੰਘ ਨੇ 1799 ਈ: ਵਿੱਚ ਇਸਨੂੰ ਭੰਗੀ ਸਰਦਾਰਾਂ ਤੋਂ ਜਿੱਤਿਆ। ਸਦੀਆਂ ਤੋਂ ਇਹ ਨਗਰ ਪੰਜਾਬ ਦੀ ਰਾਜਧਾਨੀ ਰਿਹਾ ਹੈ। ਸੁਤੰਤਰਤਾ ਅੰਦੋਲਨ ਦੌਰਾਨ ਇਹ ਨਗਰ ਕਈ ਇਤਿਹਾਸਕ ਘਟਨਾਵਾਂ ਦਾ ਗਵਾਹ ਰਿਹਾ ਹੈ।

**14. ਹੰਪੀ** :- ਹੰਪੀ ਇੱਕ ਮਹੱਤਵਪੂਰਨ ਧਾਰਮਿਕ ਕੇਂਦਰ ਹੈ, ਜੋਂ ਵਿਰੂਪਕਸ਼ਾ ਮੰਦਰ, ਇੱਕ ਆਦਿ ਸ਼ੰਕਰ ਮੱਠ ਲਈ ਪ੍ਰਸਿੱਧ ਹੈ। ਇੱਥੇ ਵੱਖ-ਵੱਖ ਸਮਾਰਕ ਹਨ। 14ਵੀਂ ਸਦੀ ਵਿੱਚ ਹੰਪੀ ਵਿਜੇਨਗਰ ਸਾਮਰਾਜ ਦੀ ਰਾਜਧਾਨੀ ਸੀ। ਇਹ ਇੱਕ ਕਿਲਾਬੰਦ ਸ਼ਹਿਰ ਸੀ ਜੋ ਆਪਣੀ ਸੁੰਦਰਤਾ ਲਈ ਪ੍ਰਸਿੱਧ ਸੀ। ਵਿਦੇਸ਼ੀ ਯਾਤਰੀਆਂ ਨੇ ਆਪਣੀਆਂ ਰਚਨਾਵਾਂ ਵਿੱਚ ਹੰਪੀ ਦਾ ਵਰਨਣ ਕੀਤਾ ਹੈ।